Space for Available for Advertising
WWW.PREETNEWS.COM
WWW.PREETNAMA.COM
preetnamausa
@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 331, 05 ਦਸੰਬਰ ਤੋਂ 11 ਦਸੰਬਰ, 2025 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਦੁਨੀਆ ਦੇ ਸਭ ਤੋਂ ਤੇਜ਼ ਅਰਥਚਾਰਿਆਂ ਵਿੱਚ ਸ਼ਾਮਲ ਭਾਰਤ ਦਾ ਰੁਪਇਆ ਕਿਸ ਹੱਦ ਤੱਕ ਡਿੱਗਿਆ, ਕਿਵੇਂ ਤੇ ਕਿੱਥੇ ਪਵੇਗਾ ਅਸਰ




ਭਾਰਤ ਸਰਕਾਰ ਨੇ ਹਾਲ ਹੀ ਵਿੱਚ ਦੱਸਿਆ ਹੈ ਕਿ ਵਿੱਤੀ ਸਾਲ 2025-26 ਦੀ ਦੂਜੀ ਤਿਮਾਹੀ ਵਿੱਚ ਭਾਰਤ ਦੀ ਅਸਲ ਜੀਡੀਪੀ ਦਰ 8.2 ਫੀਸਦੀ ਰਹੀ ਹੈ। ਇੱਕ ਪਾਸੇ ਭਾਰਤ ਦੇ ਆਰਥਿਕ ਵਿਕਾਸ ਦੇ ਇਹ ਅੰਕੜੇ ਹਨ ਅਤੇ ਦੂਜੇ ਪਾਸੇ ਭਾਰਤੀ ਰੁਪਏ ਵਿੱਚ ਲਗਾਤਾਰ ਗਿਰਾਵਟ ਜਾਰੀ ਹੈ। ਇੱਕ ਅਮਰੀਕੀ ਡਾਲਰ ਦਾ ਮੁੱਲ ਲਗਭਗ 90 ਰੁਪਏ ਪਹੁੰਚਣ ਹੀ ਵਾਲਾ ਹੈ। ਵੀਰਵਾਰ, 1 ਦਸੰਬਰ 2025 ਨੂੰ ਭਾਰਤੀ ਰੁਪਇਆ ਡਾਲਰ ਦੇ ਮੁਕਾਬਲੇ 90 ਰੁਪਏ ਦੇ ਕਰੀਬ ਸੀ। ਪਿਛਲੇ ਵਿੱਤੀ ਸਾਲ ਵਿੱਚ ਡਾਲਰ ਦੇ ਮੁਕਾਬਲੇ ਰੁਪਏ ਦਾ ਸਭ ਤੋਂ ਨੀਵਾਂ ਪੱਧਰ 84.22 ਰੁਪਏ ਪ੍ਰਤੀ ਡਾਲਰ ਸੀ, ਜਦਕਿ ਪੰਜ ਸਾਲ ਪਹਿਲਾਂ ਜਨਵਰੀ 2021 ਵਿੱਚ ਰੁਪਇਆ ਡਾਲਰ ਦੇ ਮੁਕਾਬਲੇ 72 ਰੁਪਏ ਪ੍ਰਤੀ ਡਾਲਰ ਦੇ ਨੇੜੇ-ਤੇੜੇ ਸੀ। ਪਿਛਲੇ ਪੰਜ ਸਾਲਾਂ ਤੋਂ ਅਮਰੀਕੀ ਡਾਲਰ ਦੇ ਮੁਕਾਬਲੇ ਭਾਰਤੀ ਰੁਪਇਆ ਲਗਾਤਾਰ ਹੇਠਾਂ ਆ ਰਿਹਾ ਹੈ ਜਦਕਿ ਇਸ ਦੌਰਾਨ ਭਾਰਤ ਦੀ ਅਰਥਵਿਵਸਥਾ ਦੀ ਵਿਕਾਸ ਦਰ ਠੀਕ-ਠਾਕ ਅਤੇ ਦੁਨੀਆ ਦੇ ਕਈ ਦੇਸ਼ਾਂ ਦੇ ਮੁਕਾਬਲੇ 'ਬਿਹਤਰ' ਰਹੀ ਹੈ।ਪਿਛਲੇ ਦਿਨੀਂ ਜਦੋਂ ਭਾਰਤ ਨੇ ਸਾਲ 2030 ਵਿੱਚ ਆਪਣਾ ਅਨੁਮਾਨਿਤ ਸਕਲ ਘਰੇਲੂ ਉਤਪਾਦ (ਜੀਡੀਪੀ) 7.3 ਟ੍ਰਿਲੀਅਨ ਅਮਰੀਕੀ ਡਾਲਰ ਦੱਸਿਆ ਤਾਂ ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈਐੱਮਐੱਫ਼) ਨੇ ਭਾਰਤ ਦੀ ਜੀਡੀਪੀ ਅਤੇ ਨੈਸ਼ਨਲ ਅਕਾਊਂਟਸ, ਭਾਵ ਅੰਕੜਿਆਂ ਨੂੰ 'ਸੀ' ਰੇਟਿੰਗ ਦੇ ਕੇ ਭਾਰਤੀ ਅੰਕੜਿਆਂ ਦੀ ਗੁਣਵੱਤਾ 'ਤੇ ਹੀ ਸਵਾਲ ਖੜ੍ਹੇ ਕਰ ਦਿੱਤੇ। ਦੱਸ ਦਈਏ ਕਿ ਆਈਐੱਮਐੱਫ਼ ਡਾਟਾ ਨੂੰ ਚਾਰ ਸ਼੍ਰੇਣੀਆਂ ਵਿੱਚ ਵੰਡਦਾ ਹੈ। ਸੀ ਗ੍ਰੇਡ ਦਾ ਮਤਲਬ ਹੈ ਕਿ ਡਾਟਾ ਵਿੱਚ ਕੁਝ ਕਮੀਆਂ ਹਨ, ਜੋ ਨਿਗਰਾਨੀ ਦੀ ਪ੍ਰਕਿਰਿਆ ਨੂੰ ਕੁਝ ਹੱਦ ਤੱਕ ਪ੍ਰਭਾਵਿਤ ਕਰਦੀਆਂ ਹਨ। 26 ਨਵੰਬਰ ਨੂੰ ਜਾਰੀ ਕੀਤੀ ਇੱਕ ਰਿਪੋਰਟ ਵਿੱਚ ਆਈਐੱਮਐੱਫ਼ ਨੇ ਭਾਰਤ ਨੂੰ 'ਸੀ ਗ੍ਰੇਡ' ਦਿੱਤਾ। ਵਿਸ਼ਲੇਸ਼ਕ ਇਸ ਨੂੰ ਲੈ ਕੇ ਹੈਰਾਨ ਵੀ ਹਨ ਕਿ 8.2 ਫੀਸਦ ਦੀ ਵਿਕਾਸ ਦਰ ਦਾ ਅੰਕੜਾ ਆਉਣ ਤੋਂ ਬਾਅਦ ਵੀ ਸ਼ੇਅਰ ਬਾਜ਼ਾਰ ਵਿੱਚ ਉਹ ਗਰਮਜੋਸ਼ੀ ਨਹੀਂ ਦਿਖਾਈ ਦਿੱਤੀ, ਜਿਸ ਦੀ ਉਮੀਦ ਜਤਾਈ ਜਾ ਰਹੀ ਸੀ। ਜਦਕਿ ਰੁਪਏ ਵਿੱਚ ਕਮਜ਼ੋਰੀ ਦਾ ਦੌਰ ਜਾਰੀ ਰਿਹਾ।

**ਰੁਪਏ ਵਿੱਚ ਗਿਰਾਵਟ ਦਾ ਕੀ ਅਸਰ ?**

ਵਿੱਤੀ ਸਾਲ 2025-26 ਵਿੱਚ ਭਾਰਤੀ ਰੁਪਇਆ ਡਾਲਰ ਦੇ ਮੁਕਾਬਲੇ 6.19 ਫੀਸਦੀ ਡਿੱਗ ਚੁੱਕਿਆ ਹੈ, ਜਦਕਿ ਪਿਛਲੇ ਇੱਕ ਮਹੀਨੇ ਵਿੱਚ ਹੀ ਇਹ ਗਿਰਾਵਟ 1.35 ਫੀਸਦੀ ਰਹੀ ਹੈ। ਹਾਲ ਦੇ ਦਿਨਾਂ ਵਿੱਚ ਰੁਪਏ ਵਿੱਚ ਡਾਲਰ ਦੇ ਮੁਕਾਬਲੇ ਸਭ ਤੋਂ ਤੇਜ਼ ਗਿਰਾਵਟ ਆਈ ਹੈ। ਇਸ ਲਿਹਾਜ਼ ਨਾਲ ਰੁਪਇਆ ਏਸ਼ੀਆ ਦੀ ਸਭ ਤੋਂ ਕਮਜ਼ੋਰ ਮੁਦਰਾ ਬਣ ਗਿਆ ਹੈ। ਜੇਐੱਨਯੂ ਵਿੱਚ ਅਰਥਸ਼ਾਸਤਰ ਦੇ ਪ੍ਰੋਫੈਸਰ ਅਰੁਣ ਕੁਮਾਰ ਦਾ ਮੰਨਣਾ ਹੈ ਕਿ ਰੁਪਏ ਦਾ ਕਮਜ਼ੋਰ ਹੋਣਾ ਦਿਖਾ ਰਿਹਾ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਭਾਰਤੀ ਅਰਥਵਿਵਸਥਾ ਦੀ ਸਾਖ ਕਮਜ਼ੋਰ ਹੋ ਰਹੀ ਹੈ। ਵਪਾਰ ਘਾਟਾ, ਵਿਦੇਸ਼ੀ ਨਿਵੇਸ਼ ਦਾ ਬਾਹਰ ਜਾਣਾ (ਅੰਕੜਿਆਂ ਮੁਤਾਬਕ 16 ਅਰਬ ਡਾਲਰ ਤੋਂ ਵੱਧ ਦਾ ਇਕਵਿਟੀ ਆਊਟਫ਼ਲੋ) ਅਤੇ ਅਮਰੀਕਾ-ਭਾਰਤ ਵਪਾਰ ਸਮਝੌਤੇ ਵਿੱਚ ਦੇਰੀ ਇਸ ਦੇ ਕਾਰਨ ਹਨ। ਪ੍ਰੋਫੈਸਰ ਅਰੁਣ ਕੁਮਾਰ ਕਹਿੰਦੇ ਹਨ, ÷ਰੁਪਏ ਦੀ ਗਿਰਾਵਟ ਭਾਰਤ ਦੀ ਅੰਤਰਰਾਸ਼ਟਰੀ ਸਾਖ਼ ਅਤੇ ਆਰਥਿਕ ਸਥਿਤੀ ਦਾ ਸੰਕੇਤ ਹੈ, ਜੋ ਬਰਾਮਦ-ਦਰਾਮਦ, ਪੂੰਜੀ ਪ੍ਰਵਾਹ ਅਤੇ ਅਮਰੀਕੀ ਟੈਰੀਫ਼ ਤੋਂ ਪ੍ਰਭਾਵਿਤ ਹੁੰਦੀ ਹੈ। ਟਰੰਪ ਦੇ ਉੱਚੇ ਟੈਰਿਫ ਨੇ ਸਾਡੀ ਦਰਾਮਦ ਨੂੰ ਨੁਕਸਾਨ ਪਹੁੰਚਾਇਆ ਹੈ, ਜਿਸ ਨਾਲ ਕਰੰਟ ਅਕਾਊਂਟ ਖਰਾਬ ਹੋ ਰਿਹਾ ਹੈ ਅਤੇ ਐੱਫਡੀਆਈ ਬਾਹਰ ਜਾ ਰਿਹਾ ਹੈ। ਇਹ ਸਭ ਕੁਝ ਮਿਲ ਕੇ ਰੁਪਏ ਨੂੰ ਕਮਜ਼ੋਰ ਕਰ ਦਿੰਦੇ ਹਨ।÷ ਇੰਡੀਅਨ ਇੰਸਟੀਚਿਊਟ ਆਫ਼ ਫ਼ਾਇਨੈਂਸ ਦੇ ਅਰਥਸ਼ਾਸਤਰੀ ਯਾਮਿਨੀ ਅਗਰਵਾਲ ਮੰਨਦੇ ਹਨ ਕਿ ਭਾਰਤ ਦੀ ਜੀਡੀਪੀ ਗ੍ਰੋਥ ਅਤੇ ਰੁਪਏ ਦੇ ਕਮਜ਼ੋਰ ਹੋਣ ਨੂੰ ਇਕੱਠੇ ਦੇਖਣਾ ਸਹੀ ਮੁਲਾਂਕਣ ਨਹੀਂ ਹੈ। ਯਾਮਿਨੀ ਕਹਿੰਦੇ ਹਨ, ÷ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਅੰਤਰਰਾਸ਼ਟਰੀ ਡਿਮਾਂਡ ਅਤੇ ਸਪਲਾਈ 'ਤੇ ਨਿਰਭਰ ਕਰਦੀ ਹੈ। ਇਹ ਦਸੰਬਰ ਦਾ ਮਹੀਨਾ ਹੈ ਅਤੇ ਇਸ ਸਮੇਂ ਬੈਲੇਂਸ ਸ਼ੀਟ ਨੂੰ ਵੇਖਿਆ ਜਾਂਦਾ ਹੈ ਕਿਉਂਕਿ ਅੰਤਰਰਾਸ਼ਟਰੀ ਪੱਧਰ 'ਤੇ ਇਹ ਸਮਾਂ ਕਲੋਜ਼ਿੰਗ ਦਾ ਹੁੰਦਾ ਹੈ।'' ''ਅਜਿਹੇ ਵਿੱਚ ਭਾਰਤ ਵਿੱਚ ਬਹੁਤ ਸਾਰੇ ਵਿਦੇਸ਼ੀ ਨਿਵੇਸ਼ਕ ਅਤੇ ਹੋਰ ਨਿਵੇਸ਼ਕ ਮੁਨਾਫ਼ਾ-ਵਸੂਲੀ ਕਰ ਰਹੇ ਹਨ ਤਾਂ ਜੋ ਉਹ ਆਪਣੇ ਦੇਸ਼ ਵਿੱਚ ਆਪਣੀ ਬੈਲੇਂਸ ਸ਼ੀਟ ਨੂੰ ਮਜ਼ਬੂਤ ਦਿਖਾ ਸਕਣ। ਇਸ ਮਹੀਨੇ ਵਿੱਚ ਖਰੀਦੋ-ਫ਼ਰੋਖ਼ਤ ਬਹੁਤ ਹੁੰਦੀ ਹੈ, ਜਿਸ ਦਾ ਵੀ ਅਸਰ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਰੁਪਏ ਦੀ ਕੀਮਤ 'ਤੇ ਨਜ਼ਰ ਆ ਰਿਹਾ ਹੈ। ਪ੍ਰੋਫੈਸਰ ਅਰੁਣ ਕੁਮਾਰ ਕਹਿੰਦੇ ਹਨ ਕਿ ਰੁਪਏ ਦੇ ਕਮਜ਼ੋਰ ਹੋਣ ਦਾ ਅਸਰ ਭਾਰਤ ਵਿੱਚ ਘਰੇਲੂ ਬਾਜ਼ਾਰ 'ਤੇ ਵੀ ਹੋ ਸਕਦਾ ਹੈ। ਉਹ ਕਹਿੰਦੇ ਹਨ, ÷ਇਹ ਚਿੰਤਾ ਦੀ ਗੱਲ ਇਸ ਲਈ ਵੀ ਹੈ ਕਿਉਂਕਿ ਰੁਪਇਆ ਘਟਣ ਨਾਲ ਸਾਡਾ ਐਕਸਪੋਰਟ ਤਾਂ ਵਧੇਗਾ, ਪਰ ਇੰਪੋਰਟ ਮਹਿੰਗਾ ਹੋ ਜਾਵੇਗਾ, ਜਿਸ ਨਾਲ ਮਹਿੰਗਾਈ ਵਧ ਸਕਦੀ ਹੈ। ਉਹ ਕਹਿੰਦੇ ਹਨ, ÷ਜੇਕਰ ਭਾਰਤ ਦੀ ਪੂੰਜੀ ਐੱਫਡੀਆਈ ਜਾਂ ਐੱਫਆਈਆਈ ਵਿੱਚ ਹੈ, ਤਾਂ ਇਹ ਸਾਡੀ ਅਰਥਵਿਵਸਥਾ ਅਤੇ ਸਾਡੀ ਸਟਾਕ ਮਾਰਕੀਟ 'ਤੇ ਅਸਰ ਪਵੇਗਾ। ਬਹੁਤ ਕੁਝ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੀਆਂ ਨੀਤੀਆਂ 'ਤੇ ਨਿਰਭਰ ਕਰਦਾ ਹੈ। ਕਿਉਂਕਿ ਟਰੰਪ ਦੀਆਂ ਨੀਤੀਆਂ ਅੰਤਰਰਾਸ਼ਟਰੀ ਵਪਾਰ ਨੂੰ ਪ੍ਰਭਾਵਤ ਕਰ ਰਹੀਆਂ ਹਨ। ਉਨ੍ਹਾਂ ਨਾਲ ਜੇਕਰ ਭਾਰਤ ਦੇ ਬੈਲੇਂਸ ਆਫ ਪੇਮੈਂਟ 'ਤੇ ਅਸਰ ਹੁੰਦਾ ਹੈ ਤਾਂ ਰੁਪਏ ਦੀ ਕੀਮਤ ਹੋਰ ਵੀ ਘਟ ਸਕਦੀ ਹੈ। ਪ੍ਰੋਫੈਸਰ ਅਗਰਵਾਲ ਕਹਿੰਦੀ ਹੈ, ÷ਜੀਡੀਪੀ ਵਿਕਾਸ ਸਾਰੇ ਆਰਥਿਕ ਸੂਚਕਾਂ ਨੂੰ ਦਰਸਾਉਂਦਾ ਹੈ ਕਿ ਭਾਰਤ ਦਾ ਅਰਥਚਾਰਾ ਵਧੀਆ ਪ੍ਰਦਰਸ਼ਨ ਕਰ ਰਿਹਾ ਹੈ। ਜੀਐੱਸਟੀ ਦਰਾਂ ਵਿੱਚ ਕਮੀ ਨੇ ਇਸ ਤਿਮਾਹੀ ਵਿੱਚ ਸਿੱਧਾ ਸਕਾਰਾਤਮਕ ਪ੍ਰਭਾਵ ਪਿਆ। ਹਾਲਾਂਕਿ, ਘੱਟ ਮੁਦਰਾਸਫੀਤੀ ਇੱਕ ਚਿੰਤਾ ਹੈ, ਜੀਐੱਸਟੀ ਅਤੇ ਕੀਮਤਾਂ ਵਿੱਚ ਕਮੀ ਡਿਫਲੇਸ਼ਨ ਦੀ ਸਥਿਤੀ ਬਣ ਰਹੀ ਹੈ, ਜਿਸ 'ਤੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਉੱਥੇ ਹੀ ਡੀਕੇ ਜੋਸ਼ੀ ਕਹਿੰਦੇ ਹਨ, ÷ਅਸਲ ਜੀਡੀਪੀ ਵਿੱਚ ਵਾਧਾ ਉਤਸ਼ਾਹ ਭਰਿਆ ਹੈ ਪਰ ਮਹਿੰਗਾਈ ਵਿੱਚ ਗਿਰਾਵਟ ਕਾਰਨ, ਨਾਮਾਤਰ ਜੀਡੀਪੀ ਵਿੱਚ ਮਾਮੂਲੀ ਵਾਧੇ ਦੇ ਕੁਝ ਨਕਾਰਾਤਮਕ ਪ੍ਰਭਾਵ ਵੀ ਹੋ ਸਕਦੇ ਹਨ।



## ਜੀਡੀਪੀ ਵਿਕਾਸ ਦਰ ਬਿਹਤਰ ਸੰਕੇਤ ?

ਭਾਰਤ ਦੇ ਅਰਥਚਾਰੇ ਨੇ ਵਿੱਤੀ ਸਾਲ 2025-26 ਦੀ ਦੂਜੀ ਤਿਮਾਹੀ (ਜੁਲਾਈ-ਸਤੰਬਰ) ਵਿੱਚ ਅਸਲ ਜੀਡੀਪੀ ਗ੍ਰੋਥ 8.2 ਫੀਸਦ ਦਰਜ ਕੀਤੀ, ਜੋ ਉਮੀਦ ਨਾਲ ਕਿਤੇ ਵੱਧ ਸੀ। ਇਸ ਮਾਇਨੇ ਵਿੱਚ ਵੀ ਪਿਛਲੇ ਸਾਲ ਇਸੇ ਤਿਮਾਹੀ ਵਿੱਚ ਜੀਡੀਪੀ ਵਾਧੇ ਦਾ ਅੰਕੜਾ 5.6 ਫੀਸਦ ਸੀ। ਇਹ ਪਿਛਲੇ ਛੇ ਮਹੀਨਿਆਂ ਵਿੱਚ ਵਿਕਾਸ ਦੀ ਸਭ ਤੋਂ ਤੇਜ਼ ਰਫ਼ਤਾਰ ਹੈ। ਹਾਲਾਂਕਿ, ਇਸੇ ਸਮੇਂ ਦੌਰਾਨ ਨੌਮੀਨਲ ਜੀਡੀਪੀ ਦਰ 8.7 ਫੀਸਦ ਰਹੀ। ਅਸਲ ਜੀਡੀਪੀ ਦਰ ਅਤੇ ਨੌਮੀਨਲ ਜੀਡੀਪੀ ਦਰ ਵਿਚਾਲੇ ਸਾਲ 2020 ਤੋਂ ਬਾਅਦ ਇਹ ਸਭ ਤੋਂ ਛੋਟਾ ਅੰਤਰ ਹੈ। ਕ੍ਰਿਸਿਲ (ਕ੍ਰੇਡਿਟ ਰੇਟਿੰਗ ਇਨਫਰਮੇਸ਼ਨ ਸਰਵਸਿਜ਼ ਆਫ ਲਿਮੀਟਡ) ਦੇ ਮੁਖੀ ਅਰਥਸ਼ਾਸਤਰੀ ਡੀਕੇ ਜੋਸ਼ੀ ਕਹਿੰਦੇ ਹਨ, ÷ਭਾਰਤ ਦੀ ਵਿਕਾਸ ਦਰ ਦੂਜੀ ਤਿਮਾਹੀ ਵਿੱਚ 8.2 ਫੀਸਦ ਰਹੀ ਜੋ ਉਮੀਦ ਨਾਲੋਂ ਕਿਤੇ ਬਿਹਤਰ ਹੈ। ਇਸ ਦਾ ਮੁੱਖ ਕਾਰਨ ਨਿੱਜੀ ਉਪਭੋਗ ਵਧਣਾ ਰਿਹਾ ਹੈ। ਖੁਰਾਕ ਮਹਿੰਗਾਈ ਵਿੱਚ ਗਿਰਾਵਟ ਆਈ ਹੈ, ਜੋ ਕਿ ਵਿਵੇਕਸ਼ੀਲ ਖਰਚ ਨੂੰ ਵੀ ਵਧਾ ਰਹੀ ਹੈ।÷ ਕ੍ਰਿਸਿਲ ਨੇ ਭਾਰਤ ਦੀ ਵਿਕਾਸ ਦਰ ਦੇ ਆਪਣੇ ਅਨੁਮਾਨ ਨੂੰ 6.5 ਫੀਸਦ ਤੋਂ ਵਧਾ ਕੇ 7 ਫੀਸਦ ਕਰ ਦਿੱਤਾ ਹੈ। ਭਾਰਤ ਦੇ ਵਿਕਾਸ ਅੰਕੜੇ ਪ੍ਰਭਾਵਸ਼ਾਲੀ ਤਾਂ ਹਨ, ਪਰ ਉਨ੍ਹਾਂ ਦੀ ਭਰੋਸੇਯੋਗਤਾ ਨੂੰ ਲੈ ਕੇ ਵੀ ਸਵਾਲ ਚੁੱਕੇ ਜਾ ਰਹੇ ਹਨ।

ਪ੍ਰੋਫੈਸਰ ਅਰੁਣ ਕੁਮਾਰ ਕਹਿੰਦੇ ਹਨ, ÷ਆਈਐੱਮਐੱਫ ਨੇ ਜੀਡੀਪੀ ਗਣਨਾਵਾਂ ਦੀ ਭਰੋਸੇਯੋਗਤਾ 'ਤੇ ਸਵਾਲ ਚੁੱਕਿਆ ਹੈ। ਭਾਰਤ ਦੇ ਅਸੰਗਠਿਤ ਖੇਤਰ 'ਤੇ ਡਾਟਾ ਨਹੀਂ ਆਉਂਦਾ। ਇਸ ਦਾ ਅਧਾਰ 2011-12 ਹੈ, ਜੋ ਕਿ ਪੁਰਾਣਾ ਹੈ। ਖਪਤਕਾਰ ਮੁੱਲ ਸੂਚਕਾਂਕ ਵੀ ਅਪਡੇਟ ਨਹੀਂ ਕੀਤਾ ਗਿਆ ਹੈ। ਉਤਪਾਦਨ ਅਤੇ ਖਰਚ ਵਿਧੀ ਵਿੱਚ ਮਹੱਤਵਪੂਰਨ ਅਸੰਗਤੀ ਹੈ, ਇਸ ਦੇ ਨਾਲ ਹੀ ਸੂਬਿਆਂ ਅਤੇ ਸਥਾਨਕ ਸੰਸਥਾਵਾਂ ਲਈ ਏਕੀਕ੍ਰਿਤ ਡਾਟਾ ਨਹੀਂ ਮਿਲਿਆ। ਇਹ ਕਾਰਨਾਂ ਕਰਕੇ ਸਾਡੇ ਜੀਡੀਪੀ ਅੰਕੜਿਆਂ ਦੀ ਭਰੋਸੇਯੋਗਤਾ ਕਮਜ਼ੋਰ ਹੈ। ਇਸ ਲਈ 8.2 ਫੀਸਦ ਦੀ ਵਿਕਾਸ ਦਰ ਨੂੰ ਕਈ ਲੋਕ ਸਵੀਕਾਰ ਨਹੀਂ ਕਰਦੇ। ਹਾਲਾਂਕਿ, ਯਾਮਿਨੀ ਅਗਰਵਾਲ 8.2 ਫੀਸਦ ਵਿਕਾਸ ਦਰ ਦੇ ਅੰਕੜਿਆਂ ਨੂੰ ਭਾਰਤੀ ਅਰਥਚਾਰੇ ਲਈ ਇੱਕ ਸਕਾਰਾਤਮਕ ਸੰਕੇਤ ਮੰਨਦੀ ਹੈ।

# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 331 | Website: www.preetnama.com Email preetnamausa@gmail.com | 05 DEC TO 11 DEC, 2025





# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 331

Website: www.preetnama.com Email preetnamausa@gmail.com

05 DEC TO 11 DEC, 2025





# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 331

Website: www.preetnama.com Email preetnamausa@gmail.com

05 DEC TO 11 DEC, 2025


# 'ਜਦੋਂ ਕਸ਼ਮੀਰ ਤੋਂ ਐੱਮਪੀ ਰਾਸ਼ਿਦ ਨੂੰ ਪੈਰੋਲ ਮਿਲ ਸਕਦੀ ਹੈ ਤਾਂ ਅਮ੍ਰਿਤਪਾਲ ਨੂੰ ਕਿਉਂ ਨਹੀਂ': ਬਿੱਟੂ, ਪੰਜਾਬ ਸਰਕਾਰ ਖ਼ਿਲਾਫ਼ ਅੰਮ੍ਰਿਤਸਰ ਵਿੱਚ ਹੋਇਆ ਰੋਸ ਮਾਰਚ






## ਅਮ੍ਰਿਤਪਾਲ ਸਿੰਘ ਦੇ ਵਕੀਲ ਨੇ ਕੀ ਕਿਹਾ

ਅਮ੍ਰਿਤਪਾਲ ਸਿੰਘ ਦੇ ਵਕੀਲ ਇਮਾਨ ਸਿੰਘ ਖਾਰਾ ਨੇ ਕਿਹਾ ਕਿ ਅਦਾਲਤ ਨੇ ਪੰਜਾਬ ਨੂੰ 8 ਦਸੰਬਰ ਨੂੰ ਅਗਲੀ ਸੁਣਵਾਈ 'ਤੇ ਦਸਤਾਵੇਜ਼ ਪੇਸ਼ ਕਰਨ ਅਤੇ ਪੈਰੋਲ ਲਈ ਉਸਦੀ ਪ੍ਰਤੀਨਿਧਤਾ ਰੱਦ ਕਰਨ ਦੇ ਕਾਰਨ ਦੱਸਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ, ÷ਅਸੀਂ ਲੋਕ ਸਭਾ ਵਿੱਚ ਤਿੰਨ ਮੁੱਦਿਆਂ ਤੇ ਚਰਚਾ ਕਰਨਾ ਚਾਹੁੰਦੇ ਹਾਂ ਜਿਨ੍ਹਾਂ ਵਿੱਚ ਸਭ ਤੋਂ ਪਹਿਲਾ ਮੁੱਦਾ ਖਡੂਰ ਸਾਹਿਬ ਲੋਕ ਸਭਾ ਹਲਕੇ ਵਿੱਚ ਆਏ ਹੜ੍ਹਾਂ ਦਾ ਮਾਮਲਾ, ਨਸ਼ਿਆਂ ਦਾ ਮਾਮਲਾ ਅਤੇ ਨਾਲ ਹੀ ਐੱਮਪੀ ਲੈਂਡ ਫੰਡ ਲਈ ਵਿਕਾਸ ਦਾ ਮਾਮਲਾ ਸ਼ਾਮਲ ਹੈ। ਪੰਜਾਬ ਸਰਕਾਰ ਦੇ ਵਕੀਲਾਂ ਨੇ ਕੇਸ ਦੀ ਸੁਣਵਾਈ ਦੌਰਾਨ ਅਦਾਲਤ ਵਿੱਚ ਦਲੀਲਾਂ ਦਿੱਤੀਆਂ ਕਿ ਅਮ੍ਰਿਤਪਾਲ ਨੂੰ ਪੈਰੋਲ ਦਿੱਤੇ ਜਾਣ ਨਾਲ ਪੰਜਾਬ ਵਿੱਚ ਮਾਹੌਲ ਖ਼ਰਾਬ ਹੋ ਸਕਦਾ ਹੈ ਪਰ ਅਮ੍ਰਿਤਪਾਲ ਨੂੰ ਦਿੱਲੀ ਹੀ ਰੱਖਿਆ ਜਾਣਾ ਹੈ ਪੰਜਾਬ ਆਉਣ ਦੀ ਇਜਾਜ਼ਤ ਅਮ੍ਰਿਤਪਾਲ ਨੇ ਨਹੀਂ ਮੰਗੀ ਹੈ।÷ ਖਾਰਾ ਨੇ ਕਿਹਾ, ÷ਪੰਜਾਬ ਸਰਕਾਰ ਦੇ ਵਕੀਲਾਂ ਦਾ ਅਦਾਲਤ ਵਿੱਚ ਕਹਿਣਾ ਸੀ ਕਿ ਅਮ੍ਰਿਤਪਾਲ ਦਾ ਇੱਕ ਭਾਸ਼ਣ ਅੱਗ ਲਗਾ ਸਕਦਾ ਹੈ ਪਰ ਅਸੀਂ ਕੇਵਲ ਮੁੱਦਿਆਂ ਉੱਤੇ ਗੱਲ ਕਰਨੀ ਹੈ ਅਤੇ ਅਸੀਂ ਜੇਕਰ ਕੁਝ ਆਪਣੇ ਮੁੱਦਿਆਂ ਤੋਂ ਬਾਹਰ ਜਾਵਾਂਗੇ, ਲੋਕ ਸਭਾ ਦੇ ਸਪੀਕਰ ਕੋਲ ਹੱਕ ਹੁੰਦਾ ਹੈ ਕਿ ਉਹ ਕੈਮਰੇ ਅਤੇ ਐੱਮਪੀ ਦਾ ਸਪੀਕਰ ਬੰਦ ਕਰ ਸਕਦਾ ਹੈ। ਅਸੀਂ ਜੇਲ੍ਹ ਤੋਂ ਵਰਚੁਲੀ (ਆਨਲਾਈਨ) ਤਰੀਕੇ ਨਾਲ ਸ਼ਾਮਲ ਹੋਣ ਦੀ ਇਜ਼ਾਜਤ ਮੰਗੀ ਸੀ ਕਿਉਂਕਿ ਅੱਜ ਕੱਲ੍ਹ ਕੋਰਟ ਵਰਚੁਲੀ ਚੱਲ ਰਹੀਆਂ ਨੇ ਅਜਿਹੇ ਵਿੱਚ ਬਾਕੀ ਚੀਜ਼ਾਂ ਵੀ ਵਰਚੁਲੀ ਹੋ ਸਕਦੀਆਂ ਹਨ। ਉਨ੍ਹਾਂ ਪੱਪੂ ਯਾਦਵ ਅਤੇ ਇੰਜਨੀਅਰ ਰਾਸ਼ੀਦ ਨੂੰ ਵੀ ਹਿਰਾਸਤ ਵਿੱਚ ਪੈਰੋਲ ਦਿੱਤੀ ਗਈ ਸੀ ਜਿਸ ਨਾਲ ਉਹ ਸੰਸਦ ਵਿੱਚ ਸ਼ਾਮਿਲ ਹੋ ਸਕੇ ਸਨ।

ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅਤੇ 'ਵਾਰਸ ਪੰਜਾਬ ਦੇ' ਸੰਗਠਨ ਦੇ ਮੁਖੀ ਅਮ੍ਰਿਤਪਾਲ ਸਿੰਘ ਦੀ ਸੰਸਦ ਦੇ ਸਰਦ ਰੁੱਤ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਪੈਰੋਲ ਪਟੀਸ਼ਨ ਨੂੰ ਪੰਜਾਬ ਸਰਕਾਰ ਵੱਲੋਂ ਰੱਦ ਕੀਤੇ ਜਾਣ ਦਾ ਮਾਮਲਾ ਇਸ ਵੇਲੇ ਕਾਫੀ ਚਰਚਾ ਵਿੱਚ ਹੈ। ਇਸ ਮਾਮਲੇ ਉੱਤੇ ਬੋਲਦਿਆਂ ਕੇਂਦਰੀ ਮੰਤਰੀ ਰਵਨੀਤ ਬਿੱਟੂ ਨੇ ਕਿਹਾ ਕਿ ਜੇਲ੍ਹ ਵਿੱਚੋਂ ਚੋਣ ਜਿੱਤਣ ਵਾਲੇ ਕਸ਼ਮੀਰੀ ਆਗੂ ਸ਼ੇਖ਼ ਅਬਦੁਲ ਰਾਸ਼ਿਦ (ਇੰਜੀਨੀਅਰ ਰਾਸ਼ਿਦ) ਨੂੰ ਅਸਥਾਈ ਪੈਰੋਲ ਦਿੱਤੀ ਜਾਂਦੀ ਹੈ ਤਾਂ ਜੋ ਉਹ ਸੰਸਦ ਦਾ ਸੈਸ਼ਨ ਅਟੈਂਡ ਕਰ ਸਕਣ ਅਤੇ ਆਪਣੇ ਹਲਕੇ ਦੀਆਂ ਮੁਸ਼ਕਿਲਾਂ ਅਤੇ ਮੰਗਾਂ ਬਾਰੇ ਸਰਕਾਰ ਸਾਹਮਣੇ ਆਪਣਾ ਪੱਖ ਰੱਖ ਸਕਣ ਪਰ ਅਜਿਹਾ ਅਮ੍ਰਿਤਪਾਲ ਸਿੰਘ ਦੇ ਮਾਮਲੇ ਵਿੱਚ ਨਹੀਂ ਹੋ ਰਿਹਾ। ਇਸ ਤੋਂ ਇਲਾਵਾ ਅਮ੍ਰਿਤਪਾਲ ਸਿੰਘ ਨੂੰ ਪਾਰਲੀਮੈਂਟ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦੇਣ ਲਈ ਪੈਰੋਲ ਦਿੱਤੇ ਜਾਣ ਦੀ ਮੰਗ ਨੂੰ ਲੈ ਕੇ ਅੰਮ੍ਰਿਤਸਰ ਵਿੱਚ ਰੋਸ ਮਾਰਚ ਕੀਤਾ ਗਿਆ। ਇਹ ਮਾਰਚ ਰਣਜੀਤ ਐਵਨਿਊ ਤੋਂ ਡੀਸੀ ਦਫ਼ਤਰ ਤੱਕ ਕੀਤਾ ਗਿਆ। ਮਾਰਚ ਦਾ ਹਿੱਸਾ ਬਣੇ ਅੰਮ੍ਰਿਤਪਾਲ ਸਿੰਘ ਦੀ ਮਾਂ ਬਲਵਿੰਦਰ ਕੌਰ ਨੇ ਕਿਹਾ ਕਿ ਉਨ੍ਹਾਂ ਦੇ ਹਲਕੇ ਦੇ ਲੋਕਾਂ ਦੀ ਆਵਾਜ਼ ਚੁੱਕਣ ਲਈ ਉਨ੍ਹਾਂ ਨੂੰ ਸੰਸਦ ਵਿੱਚ ਬੋਲਣ ਦਿੱਤਾ ਜਾਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਅਮ੍ਰਿਤਪਾਲ ਸਿੰਘ ਐੱਨਐੱਸਏ ਐਕਟ ਲਗਾਏ ਜਾਣ ਤੋਂ ਬਾਅਦ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ।

### ਬਿੱਟੂ ਨੇ ਕੀ ਕਿਹਾ

ਰਵਨੀਤ ਬਿੱਟੂ ਨੇ ਮੰਗਲਵਾਰ ਨੂੰ ਮੀਡੀਆ ਨਾਲ ਗੱਲ ਕਰਦਿਆਂ ਕਿਹਾ, ÷ਅਮ੍ਰਿਤਪਾਲ ਸਿੰਘ ਵੀ ਅਜਿਹਾ ਹੀ ਮੈਂਬਰ ਪਾਰਲੀਮੈਂਟ ਮੈਂਬਰ ਹੈ ਜਿਸ ਨੂੰ ਲੋਕਾਂ ਨੇ ਚੁਣਿਆ ਹੈ, ਸਾਡੇ ਉਸ ਨਾਲ ਵਿਚਾਰਧਾਰਕ ਵਖਰੇਵੇਂ ਹੋ ਸਕਦੇ ਹਨ। ਪਰ ਪਾਰਲੀਮੈਂਟ ਸਾਡਾ ਲੋਕਤੰਤਰ ਦਾ ਮੰਦਰ ਹੈ ਅਤੇ ਇੱਥੇ ਆਉਣ ਤੋਂ ਲੋਕਾਂ ਦੇ ਨੁਮਾਇੰਦੇ ਨੂੰ ਰੋਕਿਆ ਨਹੀਂ ਜਾਣਾ ਚਾਹੀਦਾ, ਜੋ ਕਿ ਪੰਜਾਬ ਸਰਕਾਰ ਨੇ ਕੀਤਾ ਹੈ।÷ ਬਿੱਟੂ ਨੇ ਕਿਹਾ ਕਿ ਕਿਸੇ ਵੀ ਮੈਂਬਰ ਪਾਰਲੀਮੈਂਟ ਦਾ ਹੱਕ ਹੈ ਕਿ ਉਹ ਸੰਸਦ ਦੇ ਸੈਸ਼ਨਾਂ ਵਿੱਚ ਹਿੱਸਾ ਲਵੇ ਅਤੇ ਆਪਣੇ ਹਲਕੇ ਬਾਰੇ ਗੱਲ ਕਰੇ। ਪੀਟੀਆਈ ਦੀ ਖ਼ਬਰ ਮੁਤਾਬਕ ਪੰਜਾਬ ਸਰਕਾਰ ਨੇ ਸੂਬੇ ਦੇ ਲਾਅ ਐਂਡ ਆਰਡਰ ਦਾ ਹਵਾਲਾ ਦੇ ਕੇ ਅਮ੍ਰਿਤਪਾਲ ਸਿੰਘ ਦੀ ਪੈਰੋਲ ਅਰਜ਼ੀ ਨਾਮਨਜ਼ੂਰ ਕਰ ਦਿੱਤੀ ਸੀ। ਪੰਜਾਬ ਸਰਕਾਰ ਦੇ ਇਸ ਫ਼ੈਸਲੇ ਨੂੰ ਅਮ੍ਰਿਤਪਾਲ ਸਿੰਘ ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਸੀ। ਇਸ ਪਟੀਸ਼ਨ ਦੀ ਸੁਣਾਵਾਈ ਸੋਮਵਾਰ ਨੂੰ ਹੋਈ ਅਤੇ ਪੰਜਾਬ ਸਰਕਾਰ ਤੋਂ ਪੈਰੋਲ ਰੱਦ ਕਰਨ ਦੇ ਮਾਮਲੇ ਉੱਤੇ ਸਪੱਸ਼ਟੀਕਰਨ ਮੰਗਿਆ ਗਿਆ ਸੀ। ਹੁਣ ਇਸ ਮਾਮਲੇ ਦੀ ਸੁਣਵਾਈ 8 ਦਸੰਬਰ ਨੂੰ ਹੋਵੇਗੀ।

### ਅਦਾਲਤ ਨੇ ਪੰਜਾਬ ਸਰਕਾਰ ਤੋਂ ਮੰਗਿਆ ਸਪੱਸ਼ਟੀਕਰਨ

ਖ਼ਬਰ ਏਜੰਸੀ ਪੀਟੀਆਈ ਦੀ ਰਿਪੋਰਟ ਮੁਤਾਬਕ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਉਹ 'ਫ਼ਾਉਂਡੇਸ਼ਨ ਮਟੀਰੀਅਲ' (ਮੂਲ ਸਮੱਗਰੀ) ਪੇਸ਼ ਕਰਨ ਦੇ ਹੁਕਮ ਦਿੱਤੇ ਹਨ, ਜਿਸ ਦੇ ਆਧਾਰ ਉੱਤੇ ਜੇਲ੍ਹ ਵਿੱਚ ਅਮ੍ਰਿਤਪਾਲ ਸਿੰਘ ਦੀ ਸੰਸਦ ਦੇ ਸਰਦ ਰੁੱਤ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਪੈਰੋਲ ਪਟੀਸ਼ਨ ਰੱਦ ਕਰ ਦਿੱਤੀ ਗਈ ਸੀ। ਇਹ ਨਿਰਦੇਸ਼ ਸੋਮਵਾਰ ਨੂੰ ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਬੈਂਚ ਨੇ ਅਮ੍ਰਿਤਪਾਲ ਦੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਜਾਰੀ ਕੀਤੇ ਸਨ। ਇਸ ਪਟੀਸ਼ਨ ਵਿੱਚ ਸੰਸਦ ਦੇ ਸਰਦ ਰੁੱਤ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਅਜ਼ਾਦ ਉਮੀਦਵਾਰ ਵੱਜੋਂ ਜਿੱਤੇ ਅਮ੍ਰਿਤਪਾਲ ਸਿੰਘ ਨੂੰ ਪੈਰੋਲ ਨਾ ਦੇਣ ਦੇ ਸੂਬੇ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਗਈ ਸੀ। ਖ਼ਬਰ ਏਜੰਸੀ ਪੀਟੀਆ ਦੀ ਰਿਪੋਰਟ ਮੁਤਾਬਕ ਪੰਜਾਬ ਸਰਕਾਰ ਨੇ ਕਾਨੂੰਨ ਅਤੇ ਵਿਵਸਥਾ ਦੇ ਮੁੱਦਿਆਂ ਦਾ ਹਵਾਲਾ ਦਿੰਦੇ ਹੋਏ ਅਮ੍ਰਿਤਪਾਲ ਦੀ ਅਸਥਾਈ ਰਿਹਾਈ ਲਈ ਅਰਜ਼ੀ ਨੂੰ ਰੱਦ ਕਰ ਦਿੱਤਾ ਸੀ। 21 ਨਵੰਬਰ ਨੂੰ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਅਸਥਾਈ ਰਿਹਾਈ ਦੀ ਮੰਗ ਕਰਨ ਵਾਲੇ ਅਮ੍ਰਿਤਪਾਲ ਦੀ ਪ੍ਰਤੀਨਿਧਤਾ 'ਤੇ ਇੱਕ ਹਫ਼ਤੇ ਦੇ ਅੰਦਰ ਫੈਸਲਾ ਲੈਣ ਦਾ ਹੁਕਮ ਦਿੱਤਾ ਸੀ। ਜੁਲਾਈ 2024, ਵਿੱਚ ਅਮ੍ਰਿਤਸਰ ਦਿਹਾਤੀ ਪੁਲਿਸ ਵੱਲੋਂ ਡਿਬਰੂਗੜ੍ਹ ਜੇਲ੍ਹ ਤੋਂ ਦਿੱਲੀ ਲਿਜਾਇਆ ਗਿਆ ਸੀ, ਜਿੱਥੇ ਉਨ੍ਹਾਂ ਨੇ ਸੰਸਦ ਮੈਂਬਰ ਵਜੋਂ ਸਹੁੰ ਚੁੱਕੀ ਸੀ। ਸਹੁੰ ਚੁੱਕਣ ਲਈ ਅਮ੍ਰਿਤਪਾਲ ਸਿੰਘ ਨੂੰ ਨੈਸ਼ਨਲ ਸਕਿਊਰਿਟੀ ਐਕਟ, 1980 ਦੀ ਧਾਰਾ 15 ਦੇ ਤਹਿਤ ਆਰਜ਼ੀ ਤੌਰ ਉੱਤੇ ਰਿਹਾਅ ਕੀਤਾ ਗਿਆ ਸੀ।

### ਅਮ੍ਰਿਤਪਾਲ ਸਿੰਘ ਕੌਣ ਹਨ ਤੇ ਕੀ ਹੈ ਉਨ੍ਹਾਂ ਦਾ ਪਿਛੋਕੜ

ਅਮ੍ਰਿਤਪਾਲ ਸਿੰਘ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਹਨ, ਉਹ ਸਿੱਖਾਂ ਲਈ ਖ਼ੁਦਮੁਖ਼ਤਿਆਰ ਰਾਜ (ਖ਼ਾਲਿਸਤਾਨ) ਦੀ ਪ੍ਰਾਪਤੀ ਨੂੰ ਆਪਣਾ ਨਿਸ਼ਾਨਾ ਦੱਸਦੇ ਹਨ। ਅਮ੍ਰਿਤਪਾਲ ਸਿੰਘ ਸਿੰਘ ਨੇ ਲੋਕ ਸਭਾ 2024 ਦੀਆਂ ਚੋਣ ਜੇਲ੍ਹ ਵਿਚੋਂ ਹੀ ਲੜੀ ਸੀ। ਸਾਂਸਦ ਮੈਂਬਰ ਚੁਣੇ ਜਾਣ ਤੋਂ ਪਹਿਲਾਂ ਅਮ੍ਰਿਤਪਾਲ 'ਵਾਰਸ ਪੰਜਾਬ ਦੇ' ਜਥੇਬੰਦੀ ਨਾਲ ਜੁੜੇ ਅਤੇ ਪੰਜਾਬ ਵਿੱਚ ਕਈ ਪੰਥਕ ਰੈਲੀਆਂ ਤੇ ਸਮਾਗਮਾਂ 'ਚ ਸੰਬੋਧਨ ਕਰਦੇ ਰਹੇ ਹਨ। 'ਵਾਰਸ ਪੰਜਾਬ ਦੇ' ਜਥੇਬੰਦੀ ਮਰਹੂਮ ਸੰਦੀਪ ਸਿੰਘ ਉਰਫ਼ ਦੀਪ ਸਿੱਧੂ ਵੱਲੋਂ ਬਣਾਈ ਗਈ ਸੀ। ਦਮਦਮੀ ਟਕਸਾਲ ਦੇ ਸਾਬਕਾ ਮੁਖੀ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਜਨਮ ਦਿਨ ਵਾਲੇ ਦਿਨ ਵੱਡੇ ਸਮਾਗਮ ਦੌਰਾਨ ਰੋਡੇ ਪਿੰਡ ਵਿੱਚ ਅਮ੍ਰਿਤਪਾਲ ਸਿੰਘ ਦੀ 'ਵਾਰਸ ਪੰਜਾਬ ਦੇ' ਮੁਖੀ ਵਜੋਂ ਦਸਤਾਰਬੰਦੀ 29 ਸਤੰਬਰ 2022 ਨੂੰ ਕੀਤੀ ਗਈ ਸੀ। ਅੰਮ੍ਰਿਤਸਰ ਦੇ ਜੱਲੂਖੇੜ੍ਹਾ ਪਿੰਡ ਦੇ ਰਹਿਣ ਵਾਲੇ ਅੰਮ੍ਰਿਤਪਾਲ ਸਿੰਘ ਕਾਫ਼ੀ ਸਮਾਂ ਦੁਬਈ ਵਿੱਚ ਰਹੇ। ਦੁਬਈ ਰਹਿਣ ਤੋਂ ਬਾਅਦ ਅਮ੍ਰਿਤਪਾਲ ਸਿੰਘ ਪੰਜਾਬ ਆਏ ਸਨ ਅਤੇ ਧਰਮ ਪ੍ਰਚਾਰਕ ਦੇ ਤੌਰ ਉਤੇ ਐਕਟਿਵ ਹੋ ਗਏ। ਉਨ੍ਹਾਂ ਅੰਮ੍ਰਿਤ ਸੰਚਾਰ ਅਤੇ ਨਸ਼ਾ ਛੁਡਾਊ ਲਹਿਰ ਦੇ ਨਾਂ ਉੱਤੇ ਨੌਜਵਾਨਾਂ ਨੂੰ ਆਪਣੇ ਨਾਲ ਜੋੜਨਾ ਸ਼ੁਰੂ ਕੀਤਾ। ਇਸ ਗੱਲ ਦਾ ਉਨ੍ਹਾਂ ਨੂੰ ਭਰਵਾਂ ਹੁੰਗਾਰਾ ਵੀ ਮਿਲਿਆ। ਉਹ ਆਪਣੇ ਗਰਮ ਸੁਰ ਵਾਲੇ ਭਾਸ਼ਣਾਂ ਅਤੇ ਗੁਰਦੁਆਰਿਆਂ ਵਿਚਲੇ ਬੈਂਚ ਸਾੜਨ ਤੇ ਅਜਨਾਲਾ ਥਾਣੇ ਦਾ ਘਿਰਾਓ ਤੇ ਉੱਥੇ ਹੋਈ ਹਿੰਸਾ ਕਾਰਨ ਅਮ੍ਰਿਤਪਾਲ ਸਿੰਘ ਵਿਵਾਦਾਂ ਵਿੱਚ ਵੀ ਆ ਗਏ ਸਨ। ਫ਼ਿਲਹਾਲ ਅਮ੍ਰਿਤਪਾਲ ਸਿੰਘ ਕੌਮੀ ਸੁਰੱਖਿਆ ਐਕਟ ਤਹਿਤ ਜੇਲ੍ਹ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ।



PREETNAMA ਪ੍ਰੀਤਨਾਮਾ ਖਰਾ ਸੱਚ

# Preetnama

PREET NAMA ONLINE AND PRINT MEDIA KHARA SACH CHIEF EDITOR : PRITPAL KAUR +1 201-312-4180 Preetnama TV

## is a leading International Media Company.

Publishing a renowned newspaper in three language and operations a prominent TV channel.
With a global reach and diverse audience, Preetnama Provides in dept coverage of Current Events,
News, and Analysis, Catering to a broad spectrum of interests and persp.
Preetnama TV Provides you best services.

## We promote your business worldwide.
## We promote and do coverage all Kind Events.


Preetnama ਪ੍ਰੀਤਨਾਮਾ ਖਰਾ ਸੱਚ Khara Sach
On our English language New Website WWW.PREETNEWS.COM
Chief Editor Pritpal Kaur +1 201-312-4180
Vol 4, Issue 330 Website: www.preetnama.com Email preetnamausa@gmail.com 28 NOV TO 04 DEC, 2025

Sheikh Hasina's death sentence: India's new challenge in South Asian diplomacy

Bangladesh's judicial crisis and India's diplomatic balance
Analysis of the new equations emerging in South Asian politics after the death sentence awarded to Sheikh Hasina


Space for Available for Advertising
WWW.PREETNEWS.COM WWW.PREETNAMA.COM
preetnamausa @gmail.com
ਨਿਊਯਾਰਕ ਪ੍ਰੀਤਨਾਮਾ ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
Online and Print Media +1 201-312-4180 +1 917-328-8436
ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ
ਪ੍ਰਿਤਪਾਲ ਕੌਰ ਪ੍ਰੀਤ Preetnamausa@gmail.com
ਸਾਲ 4, ਅੰਕ 330, 28 ਨਵੰਬਰ ਤੋਂ 04 ਦਸੰਬਰ 2025 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

ਮੋਦੀ ਸਰਕਾਰ ਦੇ ਪੰਜਾਬ ਬਾਰੇ ਫੈਸਲੇ ਵਿਵਾਦਾਂ ਤੋਂ ਬਾਅਦ ਹੋ ਰਹੇ ਨੇ ਵਾਪਿਸ, ਕੀ ਭਾਜਪਾ ਸੂਬੇ ਨੂੰ ਸਮਝਣ 'ਚ ਚੂਕ ਕਰ ਰਹੀ ਹੈ ?

ਕੀ ਭਾਜਪਾ ਨੂੰ ਵਿਧਾਨ ਸਭਾ ਚੋਣਾਂ 'ਚ ਹੋ ਸਕਦਾ ਹੈ ਨੁਕਸਾਨ

## Pritpal Kaur (CEO and Founder)

001 (201) 312 4180

Email: Preetnamausa@gmail.com,
www.preetnama.com www.preetnews.com

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 331

Website: www.preetnama.com Email preetnamausa@gmail.com

05 DEC TO 11 DEC, 2025


# 'ਸ਼ਰਾਬ ਪੀਂਦੇ ਹੋਏ ਸ਼ੇਰ ਤੋਂ ਲੈ ਕੇ ਛਾਲ ਮਾਰਦੇ ਹੋਏ ਤੇਂਦੂਏ ਤੱਕ': ਏਆਈ ਵੱਲੋਂ ਬਣਾਈ ਗਈ ਵੀਡੀਓ ਦੀ ਪਛਾਣ ਕਿਵੇਂ ਕਰੀਏ






ਕੀ ਤੁਸੀਂ ਵੀ ਪਿਛਲੇ ਕੁਝ ਦਿਨਾਂ ਵਿੱਚ ਆਪਣੇ ਸੋਸ਼ਲ ਮੀਡੀਆ 'ਤੇ ਅਜਿਹੇ ਵੀਡੀਓ ਦੇਖੇ ਹਨ ਜਿਨ੍ਹਾਂ 'ਚ ਇੱਕ ਸ਼ੇਰ ਇੱਕ ਸੌਂਦੇ ਹੋਏ ਆਦਮੀ ਨੂੰ ਚੁੱਕ ਕੇ ਲੈ ਕੇ ਜਾ ਰਿਹਾ ਹੈ, ਜਾਂ ਫਿਰ ਲਖਨਊ ਜਾਂ ਪੂਣੇ ਦੇ ਰਿਹਾਇਸ਼ੀ ਇਲਾਕੇ ਵਿੱਚ ਇੱਕ ਤੇਂਦੂਆ ਆ ਗਿਆ ਹੈ ? ਕਿਸੇ ਮੈਸੇਜਿੰਗ ਐਪ 'ਤੇ ਸਾਂਝੇ ਕੀਤੇ ਗਏ ਜਾਂ ਸੋਸ਼ਲ ਮੀਡੀਆ ਫੀਡ ਵਿੱਚ ਦਿਖਾਈ ਦੇਣ ਵਾਲੇ ਇਹ ਜ਼ਿਆਦਾਤਰ ਵੀਡੀਓ ਨਕਲੀ ਹਨ। ਸਾਡੀਆਂ ਸੋਸ਼ਲ ਮੀਡੀਆ ਫੀਡਾਂ 'ਤੇ ਏਆਈ ਨਾਲ ਬਣੀ ਸਮੱਗਰੀ ਨੇ ਕਬਜ਼ਾ ਕਰ ਲਿਆ ਹੈ, ਐਲਗੋਰਿਦਮ 'ਤੇ ਵੀ ਅਤੇ ਕੰਟੈਂਟ 'ਤੇ ਵੀ। ਤੇਂਦੂਏ, ਬਾਘ, ਰਿੱਛ ਅਤੇ ਕੁੱਤਿਆਂ ਦੇ ਬਹੁਤ ਸਾਰੇ ਵੀਡੀਓ ਜੋ ਅਸੀਂ ਹੁਣ ਦੇਖਦੇ ਹਾਂ, ਏਆਈ ਦੀ ਮਦਦ ਨਾਲ ਬਣਾਏ ਗਏ ਹਨ। ਅਜਿਹੇ ਵੀਡੀਓਜ਼ ਨੂੰ ਪਛਾਣਨ ਲਈ ਕੀ ਕੀਤਾ ਜਾਵੇ ? ਪਿਛਲੇ ਕੁਝ ਮਹੀਨਿਆਂ ਵਿੱਚ ਏਆਈ ਵੀਡੀਓ ਜਨਰੇਟਰਜ਼ - ਏਆਈ ਵੀਡੀਓ ਬਣਾਉਣ ਲਈ ਵਰਤੇ ਜਾ ਸਕਣ ਵਾਲੇ ਐਪਸ ਵਿੱਚ ਬਹੁਤ ਸੁਧਾਰ ਹੋਇਆ ਹੈ। ਸੋਰਾ ਵਰਗੀਆਂ ਬਹੁਤ ਸਾਰੀਆਂ ਐਪਲੀਕੇਸ਼ਨਾਂ ਜਨਤਾ ਲਈ ਉਪਲੱਬਧ ਹੋ ਗਈਆਂ ਹਨ ਅਤੇ ਨਤੀਜੇ ਵਜੋਂ ਏਆਈ ਦੀ ਮਦਦ ਨਾਲ ਬਣਾਈ ਗਈ ਸਮੱਗਰੀ ਵਧ ਗਈ ਹੈ। ਬਹੁਤ ਸਾਰੇ ਵੀਡੀਓ ਹਨ ਜੋ ਬਿਲਕੁਲ ਅਸਲੀ ਲੱਗਦੇ ਹਨ ਅਤੇ ਅਜਿਹੇ ਵੀਡੀਓਜ਼ ਦੀ ਗਿਣਤੀ ਵਧਦੀ ਜਾ ਰਹੀ ਹੈ।

ਕਿਉਂਕਿ ਏਆਈ ਆਪਣੀਆਂ ਗਲਤੀਆਂ ਤੋਂ ਸਿੱਖਦਾ ਹੈ ਅਤੇ ਇਨ੍ਹਾਂ ਏਆਈ ਇੰਜਣਾਂ ਨੂੰ ਵੱਡੀ ਮਾਤਰਾ ਵਿੱਚ ਡਾਟਾ ਪ੍ਰਦਾਨ ਕਰਕੇ ਵੀ ਸਿਖਲਾਈ ਦਿੱਤੀ ਜਾਂਦੀ ਹੈ, ਇਸ ਲਈ ਇਹ ਬਹੁਤ ਤੇਜ਼ੀ ਨਾਲ ਸੁਧਾਰ ਕਰਦਾ ਰਹੇਗਾ। ਪਰ ਏਆਈ ਦੇ ਵੀਡੀਓਜ਼ ਨੂੰ ਪਛਾਣਨ ਲਈ ਕੀ ਕੀਤਾ ਜਾ ਸਕਦਾ ਹੈ ? ਫਿਲਹਾਲ ਲਈ, ਕੁਝ ਗੱਲਾਂ ਧਿਆਨ ਵਿੱਚ ਰੱਖੀਆਂ ਜਾਣੀਆਂ ਚਾਹੀਦੀਆਂ ਹਨ...

**ਵੀਡੀਓ ਦੀ ਗੁਣਵੱਤਾ**

ਤਸਵੀਰ ਦੀ ਮਾੜੀ ਗੁਣਵੱਤਾ, ਧੁੰਦਲੇ ਜਾਂ ਬਲਰ ਵੀਡੀਓ ਇਸ ਗੱਲ ਦੀ ਨਿਸ਼ਾਨੀ ਹੋ ਸਕਦੇ ਹਨ ਕਿ ਵੀਡੀਓ ਏਆਈ ਨਾਲ ਬਣਾਇਆ ਗਿਆ ਹੈ। ਭਾਵੇਂ ਤੁਸੀਂ ਅੱਜ ਕੋਈ ਵੀ ਬੇਸਿਕ ਫ਼ੋਨ ਲੈਂਦੇ ਹੋ, ਇਸ ਦਾ ਕੈਮਰਾ 4ਕੇ ਵਿੱਚ ਵੀਡੀਓ ਸ਼ੂਟ ਕਰਦਾ ਹੈ। ਰਾਤ ਦੇ ਵੀਡੀਓ ਵੀ ਸਾਫ (ਕਲੀਅਰ ਕੁਆਲਿਟੀ) ਰਿਕਾਰਡ ਕੀਤੇ ਜਾਂਦੇ ਹਨ। ਤਾਂ ਅਜਿਹਾ ਧੁੰਦਲਾ ਵੀਡੀਓ ਕਿਉਂ ? ਇਹ ਸਵਾਲ ਤੁਹਾਡੇ ਜ਼ਹਿਨ 'ਚ ਆਉਣਾ ਚਾਹੀਦਾ ਹੈ।

**ਸੀਸੀਟੀਵੀ ਫੁਟੇਜ ਹੋਣ ਦਾ ਦਿਖਾਵਾ ਕਰਨਾ**

ਕੀ ਤੁਸੀਂ ਜਾਣਦੇ ਹੋ ਕਿ ਅਜਿਹੀਆਂ ਤਸਵੀਰਾਂ ਦੀ ਗੁਣਵੱਤਾ ਨੂੰ ਲੁਕਾਉਣ ਲਈ ਕੀ ਕੀਤਾ ਜਾ ਰਿਹਾ ਹੈ ? ਇਹ ਏਆਈ ਵੀਡੀਓ ਇਸ ਤਰ੍ਹਾਂ ਬਣਾਏ ਜਾਂਦੇ ਹਨ ਕਿ ਸੀਸੀਟੀਵੀ ਫੁਟੇਜ ਵਰਗੇ ਦਿਖਾਈ ਦਿੰਦੇ ਹਨ। ਵਾਇਰਲ ਹੋਏ ਬਹੁਤ ਸਾਰੇ ਵੀਡੀਓ ਸੀਸੀਟੀਵੀ ਫੁਟੇਜ ਵਾਂਗ ਹਨ। ਅਕਸਰ, ਮਿਤੀ ਅਤੇ ਸਮੇਂ ਦੀ ਥਾਂ 'ਤੇ ਨੰਬਰ ਲਿਖੇ ਹੁੰਦੇ ਹਨ। ਅਜਿਹੇ ਵੀਡੀਓਜ਼ ਦੀ ਆਡੀਓ ਗੁਣਵੱਤਾ ਵੀ ਚੰਗੀ ਨਹੀਂ ਹੁੰਦੀ। ਇਸ ਲਈ, ਮਾੜੀ ਤਸਵੀਰ ਅਤੇ ਆਡੀਓ ਗੁਣਵੱਤਾ ਅਤੇ ਸੀਸੀਟੀਵੀ ਫੁਟੇਜ ਵਰਗਾ ਨਜ਼ਰ ਆਉਣਾ ਇਸ ਵੀਡੀਓ ਦੇ ਨਕਲੀ ਹੋਣ ਦੇ ਸੰਕੇਤ ਹਨ। ਬਹੁਤ ਚਮਕਦਾਰ ਰੰਗ ਅਤੇ ਦਿਖ ਵਾਲੀਆਂ ਤਸਵੀਰਾਂ ਇਸ ਤੋਂ ਇਲਾਵਾ, ਬਹੁਤ ਚਮਕਦਾਰ ਚਿਹਰੇ ਵਾਲੀਆਂ ਤਸਵੀਰਾਂ ਵੀ ਇਸ ਗੱਲ ਦਾ ਸੰਕੇਤ ਹੋ ਸਕਦਆਂ ਹਨ ਕਿ ਵੀਡੀਓ ਨਕਲੀ ਹੈ। ਯਾਨੀ, ਵੀਡੀਓ ਵਿੱਚ ਲੋਕਾਂ ਦੀ ਚਮੜੀ ਬਹੁਤ ਫਿੱਕੀ ਜਾਂ ਚਮਕਦਾਰ ਹੋਣ, ਨੱਕ ਅਤੇ ਅੱਖਾਂ ਬਹੁਤ ਸ਼ਾਰਪ ਨਜ਼ਰ ਆਉਂਦੇ ਹੋਣ, ਅਤੇ ਵਾਲ ਜਾਂ ਕੱਪੜੇ ਇੱਕ ਵੱਖਰੇ ਹੀ ਤਰੀਕੇ ਨਾਲ ਹਿੱਲਦੇ ਹੋਣ ਤਾਂ ਵੀਡੀਓ ਨਕਲੀ ਹੈ। ਵੀਡੀਓ ਵਿੱਚ ਵਿਅਕਤੀ ਦੇ ਚਿਹਰੇ ਦੇ ਹਾਵ-ਭਾਵ ਅਤੇ ਅੱਖਾਂ ਦੀਆਂ ਹਰਕਤਾਂ ਨੂੰ ਧਿਆਨ ਨਾਲ ਦੇਖੋ। ਉਹ ਗੈਰ-ਕੁਦਰਤੀ ਜਾਪਦੇ ਹਨ ਭਾਵ ਕੁਝ ਅਸਹਿਜ ਜਿਹਾ ਪ੍ਰਤੀਤ ਹੁੰਦਾ ਹੈ। ਏਆਈ ਅਕਸਰ ਇਨ੍ਹਾਂ ਬਾਰੀਕੀਆਂ ਨੂੰ ਨਹੀਂ ਸਮਝਦਾ। ਹੁਣ ਤੱਕ, ਏਆਈ ਹੱਥਾਂ ਅਤੇ ਉਂਗਲਾਂ ਨੂੰ ਵੀ ਸਹੀ ਢੰਗ ਨਾਲ ਬਣਾ ਅਤੇ ਸਮਝ ਵੀ ਨਹੀਂ ਪਾਉਂਦਾ। ਇਹ ਗੜਬੜ ਅਜੇ ਵੀ ਕੁਝ ਐਪਾਂ ਵਿੱਚ ਮੌਜੂਦ ਹੈ।

ਇਸ ਲਈ ਤੁਸੀਂ ਇਸ ਨੂੰ ਅਜ਼ਮਾਓ - ਏਆਈ ਨੂੰ ਕਹੋ ਕਿ ਮੈਨੂੰ ਖੱਬੇ ਹੱਥ ਨਾਲ ਲਿਖਣ ਵਾਲੇ ਵਿਅਕਤੀ ਦੀ ਫੋਟੋ ਦੇਵੇ। ਕੋਈ ਵੀ ਖੱਬੇ ਹੱਥ ਵਾਲਾ ਵਿਅਕਤੀ ਉਸ ਤਰੀਕੇ ਨਾਲ ਨਹੀਂ ਲਿਖਦਾ ਜਿਸ ਤਰ੍ਹਾਂ ਉਸ ਫੋਟੋ ਵਿੱਚ ਵਿਅਕਤੀ ਨੂੰ ਪੈੱਨ ਫੜਿਆ ਹੋਇਆ ਦਿਖਾਇਆ ਜਾਵੇਗਾ।ਅਕਸਰ, ਏਆਈ ਵੀਡੀਓਜ਼ ਵਿੱਚ ਕੁਝ ਬਹੁਤ ਹੀ ਦਿਲਚਸਪ ਚੱਲ ਰਿਹਾ ਹੁੰਦਾ ਹੈ ਅਤੇ ਅਸੀਂ ਇਸ ਵਿੱਚ ਇੰਨੇ ਮਗਨ ਹੋਏ ਹੁੰਦੇ ਹਾਂ ਕਿ ਅਸੀਂ ਵੀਡੀਓ ਦੀਆਂ ਬਾਰੀਕੀਆਂ ਵੱਲ ਧਿਆਨ ਹੀ ਨਹੀਂ ਦਿੰਦੇ। ਕੁਝ ਸਮਾਂ ਪਹਿਲਾਂ ਟ ?ਰੈਂਪੋਲਿਨ 'ਤੇ ਛਾਲ ਮਾਰਦੇ ਖਰਗੋਸ਼ਾਂ ਦਾ ਇੱਕ ਵੀਡੀਓ ਵਾਇਰਲ ਹੋਇਆ ਸੀ। ਪਰ ਜੇ ਤੁਸੀਂ ਧਿਆਨ ਨਾਲ ਦੇਖੋਗੇ, ਤਾਂ ਤੁਸੀਂ ਦੇਖੋਗੇ ਕਿ ਇਹ ਏਆਈ ਨਾਲ ਕੀਤਾ ਗਿਆ ਹੈ। ਸ਼ੁਰੂ ਵਿੱਚ 6 ਖਰਗੋਸ਼ ਹਨ। ਉਨ੍ਹਾਂ ਵਿੱਚੋਂ ਇੱਕ ਛਾਲ ਮਾਰਦੇ ਸਮੇਂ ਆਪਣੇ ਆਪ ਗਾਇਬ ਹੋ ਜਾਂਦਾ ਹੈ। ਅਤੇ ਇੱਕ ਖਰਗੋਸ਼ ਦਾ ਆਕਾਰ ਬਦਲ ਜਾਂਦਾ ਹੈ। ਇਸ ਤੋਂ ਇਲਾਵਾ, ਇਸ ਵੀਡੀਓ ਨੂੰ ਵੀ ਸੀਸੀਟੀਵੀ ਫੁਟੇਜ ਵਾਂਗ ਦਿਖਾਇਆ ਗਿਆ ਹੈ।

ਏਆਈ ਵੀਡੀਓਜ਼ ਦੀ ਪਛਾਣ ਕਰਨ ਦਾ ਇੱਕ ਹੋਰ ਤਰੀਕਾ ਇਹ ਹੈ ਕਿ ਇਹ ਕਲਿੱਪ ਬਹੁਤ ਛੋਟੀਆਂ ਹੁੰਦੀਆਂ ਹਨ, ਸਿਰਫ਼ ਕੁਝ ਸਕਿੰਟ ਲੰਬੀਆਂ। ਇਸਦਾ ਮਤਲਬ ਹੈ ਕਿ ਇਨ੍ਹਾਂ ਕਲਿੱਪਾਂ ਦੀ ਮਿਆਦ ਉਨ੍ਹਾਂ ਵੀਡੀਓਜ਼ ਨਾਲੋਂ ਬਹੁਤ ਘੱਟ ਹੈ ਜੋ ਅਸੀਂ ਇੰਸਟਾਗ੍ਰਾਮ ਜਾਂ ਸ਼ਾਰਟਸ 'ਤੇ ਦੇਖਦੇ ਹਾਂ। ਕਿਉਂਕਿ ਏਆਈ 'ਤੇ ਲੰਬੇ ਵੀਡੀਓ ਬਣਾਉਣ ਲਈ ਭੁਗਤਾਨ ਕਰਨਾ ਪੈਂਦਾ ਹੈ। ਅਤੇ ਮੁਫ਼ਤ ਵਰਜ਼ਨ ਵਿੱਚ ਤੁਸੀਂ ਸਿਰਫ਼ ਕੁਝ ਸਕਿੰਟਾਂ ਦੀਆਂ ਕਲਿੱਪਾਂ ਬਣਾ ਸਕਦੇ ਹੋ। ਇਸ ਲਈ ਇਹ ਵੀਡੀਓ 6-8-10 ਸਕਿੰਟ ਹੀ ਲੰਬੇ ਹੁੰਦੇ ਹਨ।ਜਦੋਂ ਓਪਨ ਏਆਈ ਦੇ ਸੋਰਾ ਐਪ ਦੀ ਵਰਤੋਂ ਕਰਕੇ ਵੀਡੀਓ ਬਣਾਇਆ ਜਾਂਦਾ ਹੈ ਤਾਂ ਇਸ 'ਤੇ ਇੱਕ ਵਾਟਰਮਾਰਕ ਦਿਖਾਈ ਦਿੰਦਾ ਹੈ।

ਇਸ ਲਈ ਜੇਕਰ ਤੁਹਾਡੇ ਦੁਆਰਾ ਦੇਖੇ ਜਾ ਰਹੇ ਵੀਡੀਓ ਦੀ ਸਕ੍ਰੀਨ 'ਤੇ ਸੋਰਾ ਨਾਮ ਦਿਖਾਈ ਦਿੰਦਾ ਹੈ, ਤਾਂ ਇਹ ਇੱਕ ਏਆਈ ਵੀਡੀਓ ਹੈ। ਅਕਸਰ, ਵੀਡੀਓ ਬਣਾਉਣ ਵਾਲੇ ਲੋਕ ਇਸ ਵਾਟਰਮਾਰਕ ਨੂੰ ਲੁਕਾਉਣ ਲਈ ਐਡੀਟਿੰਗ ਸਾਫਟਵੇਅਰ ਦੀ ਵਰਤੋਂ ਕਰਦੇ ਹਨ। ਪਰ ਅਜਿਹਾ ਕਰਨ ਨਾਲ ਵੀਡੀਓ ਦੇ ਕੁਝ ਹਿੱਸਿਆਂ ਵਿੱਚ ਸਕ੍ਰੀਨ 'ਤੇ ਧੁੰਦਲੇ ਪੈਚ ਦਿਖਾਈ ਦਿੰਦੇ ਹਨ ਅਤੇ ਗਾਇਬ ਹੋ ਜਾਂਦੇ ਹਨ। ਇਸ 'ਤੇ ਵੀ ਧਿਆਨ ਰੱਖੋ।ਹਾਲਾਂਕਿ ਏਆਈ ਬਹੁਤ ਸਾਰੀਆਂ ਚੀਜ਼ਾਂ ਦੀ ਹੂਬਹੂ ਨਕਲ ਕਰ ਸਕਦਾ ਹੈ, ਪਰ ਇਸ ਨੇ ਅਜੇ ਤੱਕ ਭੌਤਿਕ ਵਿਗਿਆਨ ਦੀਆਂ ਫੋਟੋਆਂ ਅਤੇ ਵੀਡੀਓਜ਼ ਵਿੱਚ ਬਹੁਤ ਮਹਾਰਤ ਹਾਸਲ ਨਹੀਂ ਕੀਤੀ ਹੈ। ਉਦਾਹਰਣ ਵਜੋਂ, ਪੁਣੇ ਵਿੱਚ ਘੁੰਮ ਰਹੇ ਚੀਤੇ ਦੀ ਇਹ ਫੋਟੋ ਦੇਖੋ। ਇਸ ਚੀਤੇ ਦੇ ਸਰੀਰ ਦਾ ਆਕਾਰ ਵੱਖਰਾ ਹੈ, ਪੂੰਛ ਸਲੇਟੀ ਰੰਗ ਦੀ ਹੈ ਅਤੇ ਰੌਸ਼ਨੀ ਕਿੱਥੋਂ ਆ ਰਹੀ ਹੈ। ਪਰਛਾਵਾਂ ਕਿੱਥੇ ਹੈ ਅਤੇ ਇਹ ਕਿੰਨਾ ਵੱਡਾ ਹੈ, ਇਹ ਮੇਲ ਨਹੀਂ ਖਾਂਦਾ। ਜੰਗਲਾਤ ਵਿਭਾਗ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਇਹ ਵੀਡੀਓ ਏਆਈ ਦੁਆਰਾ ਬਣਾਇਆ ਗਿਆ ਹੈ। ਇਹੀ ਚੀਜ਼ਾਂ ਉਦੋਂ ਮਹਿਸੂਸ ਹੁੰਦੀਆਂ ਹਨ ਜਦੋਂ ਕੋਈ ਉਸ ਵੀਡੀਓ ਵਿੱਚ ਛਾਲ ਮਾਰਦਾ ਹੈ ਜਾਂ ਦੌੜਦਾ ਹੁੰਦਾ ਹੈ। ਏਆਈ ਕਿਰਿਆਵਾਂ ਅਤੇ ਪ੍ਰਤੀਕ੍ਰਿਆਵਾਂ ਨੂੰ ਵੀ ਨਹੀਂ ਸਮਝਦਾ। ਵੀਡੀਓ ਦੇਖਦੇ ਸਮੇਂ ਸਭ ਤੋਂ ਮਹੱਤਵਪੂਰਨ ਗੱਲ ਇਹ ਸੋਚਣਾ ਹੈ ਕਿ ਕੀ ਇਹ ਸੱਚਮੁੱਚ ਅਜਿਹਾ ਹੋ ਸਕਦਾ ਹੈ।

ਤਾਂ, ਕੀ ਇਹ ਸੱਚਮੁੱਚ ਸੰਭਵ ਹੈ ਕਿ ਸੜਕ 'ਤੇ ਇੱਕ ਸ਼ੇਰ ਬੈਠਾ ਹੋਵੇ ਅਤੇ ਇੱਕ ਆਦਮੀ ਇਸ ਨੂੰ ਸ਼ਰਾਬ ਪਿਲਾਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ ? ਅਜਿਹੇ ਵੀਡੀਓ ਨੂੰ ਫਾਰਵਰਡ ਕਰਨ ਤੋਂ ਪਹਿਲਾਂ ਸੋਚਣਾ ਚਾਹੀਦਾ ਹੈ। ਇਹ ਸਪੱਸ਼ਟ ਕਰਦੇ ਹੋਏ ਕਿ ਇਹ ਵਾਇਰਲ ਵੀਡੀਓ ਪੈਂਚ ਨੈਸ਼ਨਲ ਪਾਰਕ ਤੋਂ ਨਹੀਂ ਹੈ, ਨਾਗਪੁਰ ਦਿਹਾਤੀ ਪੁਲਿਸ ਨੇ ਮੁੰਬਈ ਦੇ ਇੱਕ ਅਕਤੀ ਨੂੰ ਕਾਨੂੰਨੀ ਨੋਟਿਸ ਜਾਰੀ ਕੀਤਾ ਹੈ ਜਿਸਨੇ ਸੋਸ਼ਲ ਮੀਡੀਆ 'ਤੇ ਇਹ ਕਲਿੱਪ ਪੋਸਟ ਕੀਤੀ ਹੈ। ਇਸ ਲਈ, ਡਰ ਫੈਲਾਉਣ ਵਾਲੇ ਅਜਿਹੇ ਵੀਡੀਓ ਨਾ ਬਣਾਓ ਜਾਂ ਪੋਸਟ ਨਾ ਕਰੋ। ਤੁਹਾਡੇ 'ਤੇ ਕਾਰਵਾਈ ਹੋ ਸਕਦੀ ਹੈ। ਏਆਈ ਨੇ ਡੀਪਫੇਕ ਵੀਡੀਓ ਬਣਾਉਣਾ ਆਸਾਨ ਬਣਾ ਦਿੱਤਾ ਹੈ। ਇਹ ਵੀ ਹਕੀਕਤ ਹੈ ਕਿ ਦਿਨ-ਬ-ਦਿਨ, ਇਹ ਫੋਟੋਆਂ ਅਤੇ ਵੀਡੀਓ ਹੋਰ ਵੀ ਅਸਲੀ ਵਰਗੇ ਬਣਦੇ ਜਾਣਗੇ ਅਤੇ ਅਸੀਂ ਵੀ ਉਨ੍ਹਾਂ ਨੂੰ ਅਸਲੀ ਮੰਨ ਸਕਦੇ ਹਾਂ। ਇਸ ਲਈ, ਸਾਨੂੰ ਖੁਦ ਕੁਝ ਆਦਤਾਂ ਵਿਕਸਤ ਕਰਨ ਦੀ ਲੋੜ ਹੈ। ਉਸੇ ਤਰ੍ਹਾਂ ਜਿਵੇਂ ਅਸੀਂ ਹੁਣ ਵਟਸਐਪ 'ਤੇ ਫਾਰਵਰਡ ਕੀਤੇ ਮੈਸੇਜਾਂ ਅਤੇ ਤਰ੍ਹਾਂ-ਤਰ੍ਹਾਂ ਦੀਆਂ ਆਫਰ ਵਾਲੀਆਂ ਫੋਨ ਕਾਲਾਂ ਪ੍ਰਤੀ ਸੁਚੇਤ ਹਾਂ, ਸਾਨੂੰ ਹੁਣ ਵੀਡੀਓਜ਼ ਪ੍ਰਤੀ ਵੀ ਸੁਚੇਤ ਰਹਿਣਾ ਚਾਹੀਦਾ ਹੈ।



# Preetnama

Khara Sach

ਪ੍ਰੀਤਨਾਮਾ
ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 331 | Website: www.preetnama.com Email preetnamausa@gmail.com | 05 DEC TO 11 DEC, 2025


# 'ਮੈਕਸੀਕੋ ਦੀ ਕੰਧ ਟੱਪ ਅਮਰੀਕਾ ਜਾਣ ਦੀ ਬਹੁਤ ਖ਼ੁਸ਼ੀ ਸੀ', ਟੁੱਟੇ ਸੁਪਨਿਆਂ ਨਾਲ ਜ਼ਿੰਦਗੀ ਜਿਉਣ ਦੀ ਜੱਦੋ-ਜਹਿਦ ਕਰਦੇ ਡਿਪੋਰਟ ਹੋਏ ਪੰਜਾਬੀ ਨੌਜਵਾਨ





ਨਿਊਯਾਰਕ ਤੋਂ ਹੋਰਨਾਂ ਨੌਜਵਾਨਾਂ ਨਾਲ ਹੱਥਕੜੀਆਂ ਵਿੱਚ ਜਕੜ ਕੇ ਜਹਾਜ਼ ਵਿੱਚ ਬਿਠਾਇਆ ਜਾਣਾ, ਦਿਮਾਗ਼ ਵਿੱਚ ਕਈ ਸਵਾਲਾਂ ਦਾ ਘੇਰਾ, ਏਜੰਟ ਨੂੰ ਦਿੱਤੇ ਲੱਖਾਂ ਰੁਪਇਆਂ ਦਾ ਮਿੱਟੀ ਹੋਣਾ, ਜ਼ਿੰਦਗੀ ਮੁੜ ਤੋਂ ਸ਼ੁਰੂ ਕਰਨ ਦੀ ਚੁਣੌਤੀ ਵਰਗੇ ਤਮਾਮ ਸਵਾਲਾਂ ਦੀ ਘੁੰਮਣ-ਘੇਰੀ ਵਿੱਚ ਉਲਝਿਆ ਮੈਂ ਕਰੀਬ 48 ਘੰਟੇ ਦੇ ਸਫ਼ਰ ਤੋਂ ਬਾਅਦ ਅੰਮ੍ਰਿਤਸਰ ਦੇ ਹਵਾਈ ਅੱਡੇ ਉੱਤੇ ਉੱਤਰਿਆ ਸੀ। ਇਹ ਵਿਥਿਆ ਅਮਰੀਕਾ ਤੋਂ ਡਿਪੋਰਟ ਹੋਏ ਗੁਰਪ੍ਰੀਤ ਸਿੰਘ ਦੀ ਹੈ, ਜੋ ਪੰਜਾਬ ਦੇ ਸੁਲਤਾਨਪੁਰ ਲੋਧੀ ਦਾ ਵਸਨੀਕ ਹੈ। ਯਾਦ ਰਹੇ ਕਿ ਅਮਰੀਕਾ ਤੋਂ ਪਹਿਲੀ ਡਿਪੋਰਟੇਸ਼ਨ ਫਲਾਈਟ 5 ਫਰਵਰੀ 2025 ਨੂੰ ਅੰਮ੍ਰਿਤਸਰ ਹਵਾਈ ਅੱਡੇ 'ਤੇ ਉਤਰੀ ਸੀ, ਜਿਸ ਵਿੱਚ ਬਾਕੀ ਨੌਜਵਾਨਾਂ ਦੇ ਨਾਲ ਗੁਰਪ੍ਰੀਤ ਸਿੰਘ ਵੀ ਸੀ।2024 ਦੇ ਅਗਸਤ ਮਹੀਨੇ ਵਿੱਚ ਘਰੋਂ ਨਿਕਲਿਆ ਗੁਰਪ੍ਰੀਤ ਸਿੰਘ 15 ਜਨਵਰੀ 2025 ਨੂੰ ਮੈਕਸੀਕੋ ਰਾਹੀਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖਲ ਹੋਇਆ ਸੀ। ਅਮਰੀਕਾ ਵਿੱਚ ਦਾਖਲ ਹੋਣ ਦੇ ਸਿਰਫ਼ 19 ਦਿਨ ਬਾਅਦ ਅਮਰੀਕੀ ਬਾਰਡਰ ਸੁਰੱਖਿਆ ਬਲ ਨੇ ਉਸ ਨੂੰ ਫੜ ਕੇ ਭਾਰਤ ਡਿਪੋਰਟ ਕਰ ਦਿੱਤਾ।ਗੁਰਪ੍ਰੀਤ ਸਿੰਘ ਦੱਸਦੇ ਹਨ, ÷ਜਦੋਂ ਮੈਂ ਮੈਕਸੀਕੋ ਰਾਹੀਂ ਲੋਹੇ ਦੀ ਦੀਵਾਰ ਟੱਪ ਕੇ ਅਮਰੀਕਾ ਵਿੱਚ ਦਾਖ਼ਲ ਹੋਇਆ ਸੀ, ਤਾਂ ਬਹੁਤ ਖ਼ੁਸ਼ੀ ਹੋਈ ਸੀ, ਕਿਉਂਕਿ ਮੈਂ ਸੁਪਨਿਆਂ ਦੇ ਦੇਸ਼ ਵਿੱਚ ਪਹੁੰਚ ਗਿਆ ਸਾਂ। ਪਰ ਸਿਰਫ਼ ਤਿੰਨ ਮਹੀਨੇ ਬਾਅਦ ਹੀ ਉਹ ਸੁਪਨਾ ਟੁੱਟ ਗਿਆ ਅਤੇ ਮੈਂ ਉਸੇ ਥਾਂ 'ਤੇ ਵਾਪਸ ਪਹੁੰਚ ਗਿਆ, ਜਿੱਥੋਂ ਜਾਣ ਲਈ ਲੱਖਾਂ ਰੁਪਏ ਖ਼ਰਚ ਕੀਤੇ ਸਨ। ਡੌਨਲਡ ਟਰੰਪ ਦੇ ਦੂਜੀ ਵਾਰ ਰਾਸ਼ਟਰਪਤੀ ਬਣਨ ਤੋਂ ਬਾਅਦ ਗੈਰ-ਕਾਨੂੰਨੀ ਪਰਵਾਸੀਆਂ ਵਿਰੁੱਧ ਸਖ਼ਤ ਮੁਹਿੰਮ ਛੇੜੀ ਹੋਈ ਹੈ। ਇਸੇ ਤਹਿਤ ਫਰਵਰੀ ਤੋਂ ਹੁਣ ਤੱਕ ਕਈ ਭਾਰਤੀ ਡਿਪੋਰਟ ਕੀਤੇ ਜਾ ਚੁੱਕੇ ਹਨ। ਗੁਰਪ੍ਰੀਤ ਸਿੰਘ ਕਹਿੰਦੇ ਹਨ, ÷ਅਮਰੀਕਾ ਦੇ ਸੁਪਨੇ ਨੇ ਕਰਜ਼ਾਈ ਬਣਾ ਦਿੱਤਾ, ਸਮਾਜਿਕ ਤਾਅਨੇ ਝੱਲਣੇ ਪੈ ਰਹੇ ਹਨ ਅਤੇ ਮੁੜ ਜ਼ਿੰਦਗੀ ਸ਼ੁਰੂ ਕਰਨ ਦੀ ਜੱਦੋ-ਜਹਿਦ ਵਿੱਚ ਉਲਝ ਗਏ ਹਨ। ਨ੍ਹਾਂ ਨੇ ਪਰਿਵਾਰ ਨੂੰ ਚੰਗੀ ਜ਼ਿੰਦਗੀ ਦੇਣ ਲਈ 45 ਲੱਖ ਰੁਪਏ ਖ਼ਰਚ ਕੀਤੇ ਸਨ, ਇਸ ਦੇ ਲਈ ਇੱਕ ਪਲਾਟ ਵੇਚਿਆ ਅਤੇ ਕੁਝ ਕਰਜ਼ਾ ਲੈ ਕੇ ਉਹ ਅਮਰੀਕਾ ਗਏ ਸਨ, ਪਰ ਉੱਥੋਂ ਦੇਸ਼ ਨਿਕਾਲਾ ਦਿੱਤੇ ਜਾਣ ਕਾਰਨ ਸਭ ਕੁਝ ਖ਼ਤਮ ਹੋ ਗਿਆ।

**ਅੱਗੇ ਕੀ ਕਰਨਾ ਹੈ ?**

ਦਸਵੀਂ ਪਾਸ ਗੁਰਪ੍ਰੀਤ ਨੇ ਪੰਜਾਬ ਵਿੱਚ 14 ਸਾਲ ਨੌਕਰੀ ਕੀਤੀ, ਕਾਰੋਬਾਰ ਵੀ ਚਲਾਇਆ, ਪਰ ਤਰੱਕੀ ਨਾ ਮਿਲੀ। ਇਸ ਲਈ ਅਮਰੀਕਾ ਜਾਣ ਦਾ ਫ਼ੈਸਲਾ ਕੀਤਾ। ਹੁਣ ਉਹ ਕਹਿੰਦੇ ਹਨ ਕਿ ਇਹ ਵੀ ਫ਼ੈਸਲਾ ਗ਼ਲਤ ਸਾਬਤ ਹੋਇਆ। ਵਾਪਸੀ ਤੋਂ ਬਾਅਦ ਕਈ ਮਹੀਨੇ ਤੱਕ ਉਨ੍ਹਾਂ ਨੂੰ ਸਮਝ ਹੀ ਨਹੀਂ ਆਇਆ ਅੱਗੇ ਕੀ ਕਰਨਾ ਹੈ ? ਦੋਸਤਾਂ ਦੀ ਮਦਦ ਨਾਲ ਹੁਣ ਉਨ੍ਹਾਂ ਨੇ ਫਿਰ ਤੋਂ ਰੋਜ਼ੀ ਰੋਟੀ ਦੇ ਲਈ ਕੱਪੜੇ ਦੀ ਦੁਕਾਨ ਕੀਤੀ ਹੈ, ਪਰ ਸਭ ਤੋਂ ਵੱਡੀ ਚਿੰਤਾ ਉਸ ਕਰਜ਼ੇ ਦੀ ਹੈ, ਜੋ ਉਨ੍ਹਾਂ ਨੇ ਅਮਰੀਕਾ ਜਾਣ ਦੇ ਲਈ ਲਿਆ ਸੀ। ਗੁਰਪ੍ਰੀਤ ਸਿੰਘ ਮੁਤਾਬਕ, 'ਹੁਣ ਉਹ ਵਿਦੇਸ਼ ਨਹੀਂ ਜਾਵੇਗਾ ਇੱਥੇ ਰਹਿ ਕੇ ਹੀ ਗੁਜ਼ਾਰਾ ਕਰਾਂਗੇ।'

**ਸੁਪਨਿਆਂ ਦਾ ਟੁੱਟਣਾ ਅਤੇ ਸਮਾਜਿਕ ਦਬਾਅ**

ਇਹੋ ਜਿਹੀ ਕਹਾਣੀ ਪੰਜਾਬ ਦੇ ਮੋਗਾ ਜ਼ਿਲ੍ਹੇ ਦੇ ਅਕਾਸ਼ਵੀਰ ਸਿੰਘ ਕੰਗ ਦੀ ਵੀ ਹੈ। ਐੱਮਬੀਏ ਪਾਸ ਅਕਾਸ਼ਵੀਰ ਪਰਿਵਾਰ ਸਮੇਤ ਅਮਰੀਕਾ ਵੱਸਣਾ ਚਾਹੁੰਦੇ ਸਨ। ਇਸ ਸੁਪਨੇ ਨੂੰ ਸਾਕਾਰ ਕਰਨ ਲਈ ਉਨ੍ਹਾਂ ਨੇ ਕਪੂਰਥਲਾ ਜ਼ਿਲ੍ਹੇ ਦੇ ਇੱਕ ਏਜੰਟ ਨੂੰ ਇੱਕ ਕਰੋੜ 40 ਲੱਖ ਰੁਪਏ ਦਿੱਤੇ। ਪਤਨੀ ਅਤੇ ਦੋ ਛੋਟੇ ਬੱਚਿਆਂ (5 ਤੇ 8 ਸਾਲ) ਨਾਲ ਪਹਿਲਾਂ ਦੁਬਈ ਅਤੇ ਇਸ ਤੋਂ ਬਾਅਦ ਅਲ ਸੈਲਵਾਡੋਰ ਹੁੰਦੇ ਹੋਏ ਉਹ ਮੈਕਸੀਕੋ ਪਹੁੰਚੇ, ਜਿੱਥੋਂ ਉਨ੍ਹਾਂ ਨੇ ਗ਼ੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਪ੍ਰਵੇਸ਼ ਕੀਤਾ। ਅਕਾਸ਼ਵੀਰ ਸਿੰਘ ਕੰਗ ਆਖਦੇ ਹਨ, ÷ਏਜੰਟ ਨੇ ਸਾਨੂੰ ਪਰਿਵਾਰ ਸਮੇਤ ਵਰਕ ਪਰਮਿਟ ਰਾਹੀਂ ਅਮਰੀਕਾ ਭੇਜਣ ਦਾ ਵਾਅਦਾ ਕੀਤਾ ਸੀ, ਪਰ ਉਸ ਨੇ ਅਜਿਹਾ ਨਾ ਕਰ ਕੇ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਭੇਜਿਆ। ਅਕਾਸ਼ਵੀਰ ਸਿੰਘ ਕੰਗ ਕਹਿੰਦੇ ਹਨ, ÷ਕਰੀਬ ਇੱਕ ਸਾਲ ਉੱਥੇ ਰਹਿਣ ਤੋਂ ਬਾਅਦ ਜਦੋਂ ਵਰਕ ਪਰਮਿਟ ਦੀ ਉਡੀਕ ਵਿੱਚ ਸੀ ਤਾਂ ਅਮਰੀਕਾ ਦੇ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਨੇ ਮੈਨੂੰ ਫੜ ਲਿਆ ਅਤੇ ਤੁਰੰਤ ਦੇਸ਼ ਛੱਡਣ ਦੇ ਹੁਕਮ ਦੇ ਦਿੱਤੇ।÷ਅਕਾਸ਼ਵੀਰ ਦੱਸਦੇ ਹਨ, ÷ ਮੈ ਖੇਤੀਬਾੜੀ ਛੱਡ ਕੇ ਗਿਆ ਸਾਂ, ਖੇਤੀਬਾੜੀ ਦੇ ਜਿਹੜੇ ਸੰਦ ਵੇਚ ਕੇ ਗਿਆ ਸੀ, ਫਿਰ ਤੋਂ ਇਕੱਠੇ ਕਰਨੇ ਪੈ ਰਹੇ ਹਨ ਪਰ ਇਹ ਇੰਨਾ ਸੌਖਾ ਨਹੀਂ। ਡਿਪੋਰਟ ਹੋਣ ਤੋਂ ਬਾਅਦ ਸਮਾਜ ਦੇ ਰਵੀਏ ਉੱਤੇ ਟਿੱਪਣੀ ਕਰਦੇ ਹੋਏ ਅਕਾਸ਼ਵੀਰ ਸਿੰਘ ਕੰਗ ਆਖਦੇ ਹਨ, ÷ਰਿਸ਼ਤੇਦਾਰਾਂ ਅਤੇ ਪਿੰਡ ਵਾਸੀਆਂ ਨੂੰ ਮੂੰਹ ਵਿਖਾਉਣਾ ਬਹੁਤ ਔਖਾ ਹੈ। ਕਈ 'ਅਮਰੀਕਾ ਵਾਲਾ' ਆਖ ਕੇ ਤੰਜ ਕੱਸਦੇ ਹਨ, ਕਈ ਵਾਰ-ਵਾਰ ਉੱਥੋਂ ਬਾਰੇ ਸਵਾਲ ਪੁੱਛਦੇ ਹਨ, ਜਿੰਨਾ ਦਾ ਜਵਾਬ ਮੇਰੇ ਕੋਲ ਨਹੀਂ ਹੈ। ਭਾਵੁਕ ਹੋ ਕੇ ਉਹ ਅੱਗੇ ਕਹਿੰਦੇ ਹਨ, ÷ਅਮਰੀਕਾ ਤੋਂ ਕੁਝ ਨਹੀਂ ਖੱਟਿਆ, ਸਗੋਂ ਇਸ ਨੇ ਮੈਨੂੰ ਕਰਜ਼ਾਈ ਕਰ ਦਿੱਤਾ। ਪਿਤਾ ਚਿੰਤਾ ਕਾਰਨ ਬਿਮਾਰ ਰਹਿਣ ਲੱਗ ਪਏ ਹਨ ਅਤੇ ਪਰਿਵਾਰ ਦੇ ਜ਼ਿਆਦਾਤਰ ਮੈਂਬਰ ਅੱਜ-ਕੱਲ੍ਹ ਚੁੱਪ ਹੀ ਰਹਿੰਦੇ ਹਨ। ਮੋਗਾ ਦੇ ਪਿੰਡ ਬਸਤੀ ਕਸ਼ਮੀਰ ਸਿੰਘ ਵਾਲੇ ਦੇ ਹਰਪ੍ਰੀਤ ਸਿੰਘ ਦੀ ਕਹਾਣੀ ਵੀ ਅਕਾਸ਼ਵੀਰ ਸਿੰਘ ਕੰਗ ਨਾਲ ਮਿਲਦੀ ਜੁਲਦੀ ਹੈ। ਉਹ ਵੀ 48 ਲੱਖ ਖ਼ਰਚ ਕੇ ਡੰਕੀ ਰਾਹੀਂ ਅਮਰੀਕਾ ਗਏ ਸੀ, ਪਰ ਉੱਥੇ ਪਹੁੰਚਣ ਦੇ ਤਿੰਨ ਮਹੀਨੇ ਬਾਅਦ ਵਾਪਸ ਪਿੰਡ ਪਹੁੰਚ ਗਏ। ਹਰਪ੍ਰੀਤ ਸਿੰਘ ਕਹਿੰਦੇ ਹਨ, ÷ਕਦੇ ਸੋਚਿਆ ਨਹੀਂ ਸੀ ਕਿ ਜਿਸ ਧਰਤੀ ਨੂੰ ਛੱਡ ਕੇ ਗਿਆ ਸੀ, ਉੱਥੇ ਹੀ ਲੋਕਾਂ ਦੇ ਤਾਅਨੇ ਝੱਲਣ ਲਈ ਉਹ ਵਾਪਸ ਆ ਜਾਵੇਗਾ, ਘਰ ਵਾਲੇ ਤਾਂ ਕੁਝ ਨਹੀਂ ਆਖਦੇ, ਪਰ ਆਲੇ-ਦੁਆਲੇ ਦੇ ਲੋਕਾਂ ਦੀਆਂ ਗੱਲਾਂ ਮਾਨਸਿਕ ਤੌਰ 'ਤੇ ਬਹੁਤ ਪਰੇਸ਼ਾਨ ਕਰਦੀਆਂ ਹਨ। ਇਸ ਤੋਂ ਉੱਭਰਨ ਵਿੱਚ ਅਜੇ ਸਮਾਂ ਲੱਗੇਗਾ। ਹਰਪ੍ਰੀਤ ਸਿੰਘ ਬਾਹਰਵੀਂ ਪਾਸ ਹੈ ਅਤੇ ਉਸ ਦੇ ਪਿਤਾ ਕੋਲ ਸੱਤ ਕਿੱਲੇ ਜ਼ਮੀਨ ਹੈ। ਹਰਪ੍ਰੀਤ ਸਿੰਘ ਨੇ ਦੱਸਿਆ ÷ਖੇਤੀ ਵਿੱਚ ਘਟਦੀ ਆਮਦਨ ਅਤੇ ਨੌਕਰੀ ਨਾ ਮਿਲਣ ਕਾਰਨ ਵਿਦੇਸ਼ ਜਾਣ ਦਾ ਫ਼ੈਸਲਾ ਕੀਤਾ ਸੀ, ਜਿਸ ਦੇ ਲਈ ਜ਼ਮੀਨ ਉੱਤੇ ਕਰਜ਼ਾ ਲਿਆ ਸੀ ਪਰ ÷ਅਮਰੀਕਾ ਤੋਂ ਡਿਪੋਰਟ ਹੋਣ ਕਾਰਨ ਸਾਰੇ ਸੁਪਨੇ ਰੁਲ ਗਏ ਅਤੇ ਪੈਸੇ ਵੀ ਗਏ ਅਤੇ ਹੱਥ ਵੀ ਕੁਝ ਨਹੀਂ ਆਇਆ ਅਮਰੀਕਾ ਵਿੱਚ ਡੌਨਲਡ ਟਰੰਪ ਦੀ ਸਰਕਾਰ ਬਣਨ ਤੋਂ ਬਾਅਦ ਉੱਥੇ ਰਹਿਣ ਵਾਲੇ ਗੈਰ-ਕਾਨੂੰਨੀ ਲੋਕਾਂ ਨੂੰ ਦੇਸ਼ ਤੋਂ ਬਾਹਰ ਕੀਤਾ ਜਾ ਰਿਹਾ ਹੈ, ਜਿਸ ਵਿੱਚ ਵੱਡੀ ਗਿਣਤੀ ਭਾਰਤੀਆਂ ਦੀ ਵੀ ਹੈ। ਇਹ ਮਾਮਲਾ ਇੱਕ ਵਾਰ ਸੁਰਖ਼ੀਆਂ ਵਿੱਚ ਪੰਜ ਫਰਵਰੀ 2025 ਨੂੰ ਉਸ ਸਮੇਂ ਆਇਆ ਜਦੋਂ ਅਮਰੀਕਾ ਹਵਾਈ ਸੈਨਾ ਦਾ ਇੱਕ ਜਹਾਜ਼ ਡਿਪੋਰਟ ਕੀਤੇ ਗਏ ਭਾਰਤੀਆਂ ਨੂੰ ਲੈ ਕੇ ਅੰਮ੍ਰਿਤਸਰ ਦੇ ਹਵਾਈ ਅੱਡੇ ਉੱਤੇ ਉੱਤਰਿਆ। ਇਸੀ ਤਰ੍ਹਾਂ ਫਿਰ ਅਮਰੀਕਾ ਤੋਂ ਦੂਜਾ ਜਹਾਜ਼ 15 ਫਰਵਰੀ ਨੂੰ ਅੰਮ੍ਰਿਤਸਰ ਹਵਾਈ ਅੱਡੇ 'ਤੇ ਪੁਹੰਚਿਆ। ਭਾਰਤੀ ਵਿਦੇਸ਼ ਮੰਤਰਾਲੇ ਅਨੁਸਾਰ ਕੁਝ ਲੋਕ ਕਮਰਸ਼ੀਅਲ ਫਲਾਈਟਾਂ ਰਾਹੀਂ ਵੀ ਵਾਪਸ ਦੇਸ਼ ਪਰਤੇ ਹਨ। ਵਿਦੇਸ਼ ਮੰਤਰਾਲੇ ਮੁਤਾਬਕ ਇਸ ਸਾਲ ਜਨਵਰੀ ਤੋਂ 26 ਸਤੰਬਰ 2025 ਤੱਕ 2417 ਭਾਰਤੀਆਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ ਹੈ। ਇਸ ਤਰੀਕੇ ਨਾਲ ਸਾਲ 2020 ਤੋਂ 2024 ਤੱਕ 5541 ਭਾਰਤੀਆਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ।ਪਟਿਆਲਾ ਸਥਿਤ ਪੰਜਾਬੀ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਵਿਭਾਗ ਦੇ ਸੇਵਾ ਮੁਕਤ ਪ੍ਰੋਫ਼ੈਸਰ ਹਰਵਿੰਦਰ ਸਿੰਘ ਭੱਟੀ ਆਖਦੇ ਹਨ, ÷ਜਿਨ੍ਹਾਂ ਨੌਜਵਾਨਾਂ ਨੂੰ ਵਿਦੇਸ਼ ਤੋਂ ਡਿਪੋਰਟ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਸਭ ਤੋਂ ਪਹਿਲਾਂ ਪਰਿਵਾਰ ਦੇ ਮੈਂਬਰਾਂ ਅਤੇ ਸਮਾਜ ਦਾ ਸਾਹਮਣਾ ਕਰਨਾ ਔਖਾ ਹੋ ਜਾਂਦਾ ਹੈ, ਕਾਰਨ ਉਸ ਉੱਤੇ ਨਾ-ਕਾਮਯਾਬੀ ਦਾ ਧੱਬਾ ਲੱਗਣਾ, ਜਿਸ ਤੋਂ ਉੱਭਰਨਾ ਉਨ੍ਹਾਂ ਲਈ ਸਭ ਤੋਂ ਔਖਾ ਹੁੰਦਾ ਹੈ।÷

ਬੀਬੀਸੀ ਪੰਜਾਬੀ ਨਾਲ ਗੱਲਬਾਤ ਕਰਦਿਆਂ ਪ੍ਰੋਫ਼ੈਸਰ ਭੱਟੀ ਨੇ ਆਖਿਆ ਕਿ ਵਾਪਸ ਪਰਤਣ ਉੱਤੇ ਇਨ੍ਹਾਂ ਨੌਜਵਾਨਾਂ ਨੂੰ ਰੁਜ਼ਗਾਰ ਦੀ ਚਿੰਤਾ ਵੀ ਹੁੰਦੀ ਹੈ ਅਤੇ ਇਸ ਦੇ ਲਈ ਸਰਕਾਰ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਇਨ੍ਹਾਂ ਦੇ ਪੁਨਰ ਵਸੇਬੇ ਲਈ ਅੱਗੇ ਆਉਣਾ ਚਾਹੀਦਾ ਹੈ, ਨਹੀਂ ਤਾਂ ਇਹਨਾਂ ਦੇ ਗ਼ਲਤ ਰਸਤੇ ਉੱਤੇ ਜਾਣ ਦਾ ਖ਼ਤਰਾ ਬਣ ਜਾਂਦਾ ਹੈ। ਪ੍ਰੋਫ਼ੈਸਰ ਭੱਟੀ ਅਨੁਸਾਰ ਅਸਲ ਵਿੱਚ ਵਿਦੇਸ਼ ਦੀ ਚਮਕ, ਘਟਦੀਆਂ ਜ਼ਮੀਨਾਂ ਅਤੇ ਬੇਰੋਜ਼ਗਾਰੀ ਦੇ ਚਲਦੇ ਹੋਏ ਪੰਜਾਬ ਅਤੇ ਹਰਿਆਣਾ ਦੇ ਨੌਜਵਾਨ ਨੇ ਪਿਛਲੇ ਸਾਲਾਂ ਦੌਰਾਨ ਵੱਡੀ ਗਿਣਤੀ ਵਿੱਚ ਪਰਵਾਸ ਕੀਤਾ, ਜਿਸ ਵਿੱਚ ਪੜ੍ਹੇ ਲਿਖੇ ਅਤੇ ਘੱਟ ਪੜ੍ਹੇ ਲਿਖੇ ਦੋਵਾਂ ਸ਼ਾਮਲ ਹਨ। ਉਨ੍ਹਾਂ ਆਖਿਆ ਕਿ ਪੜ੍ਹੇ ਲਿਖੇ ਆਈਲੈਟਸ ਕਰ ਕੇ ਕੈਨੇਡਾ ਅਤੇ ਅਮਰੀਕਾ ਗਏ ਅਤੇ ਜੋ ਅੰਗਰੇਜ਼ੀ ਨਹੀਂ ਜਾਣਦੇ, ਉਨ੍ਹਾਂ ਨੇ ਡੰਕੀ ਰੂਟ ਦੇ ਜਰੀਏ ਵਿਦੇਸ਼ ਦਾ ਰੁਖ਼ ਕੀਤਾ। ਭੱਟੀ ਕਹਿੰਦੇ ਹਨ, ÷ਪਰਵਾਸ ਪੰਜਾਬ ਦਾ ਇੱਕ ਵੱਡਾ ਮੁੱਦਾ ਹੈ ਅਤੇ ਇਸ ਦਾ ਕਾਰਨ ਵਿਅਕਤੀਗਤ ਚੋਣ ਨਹੀਂ, ਸਗੋਂ ਇਹ ਆਰਥਿਕ, ਸਮਾਜਿਕ ਅਤੇ ਮਾਨਸਿਕ ਸੰਕਟ ਦਾ ਨਤੀਜਾ ਹੈ ਪਰ ਪਿਛਲੇ ਸਮੇਂ ਦੌਰਾਨ ਵੱਖ-ਵੱਖ ਦੇਸ਼ਾਂ ਦੀਆਂ ਬਦਲੀਆਂ ਪਰਵਾਸ ਨੀਤੀਆਂ ਕਾਰਨ ਵਾਪਸ ਆਏ ਨੌਜਵਾਨਾਂ ਨੇ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ।


GETTY IMAGES

# Preetnama
# ਪ੍ਰੀਤਨਾਮਾ
ਖ਼ਰਾ ਸੱਚ
Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 331 | Website: www.preetnama.com Email preetnamausa@gmail.com | 05 DEC TO 11 DEC, 2025


# ਸਿੰਧ ਸੂਬਾ ਭਾਰਤ ਦਾ ਹਿੱਸਾ ਕਿਉਂ ਨਹੀਂ ਬਣਿਆ

## ਪਾਕਿਸਤਾਨ ਦੇ ਸੰਸਥਾਪਕ ਮੁਹੰਮਦ ਅਲੀ ਜਿਨਾਹ ਦੀ ਇਸ ਵਿੱਚ ਕੀ ਭੂਮਿਕਾ ਸੀ



ਭਾਰਤੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਹਾਲ ਹੀ ਵਿੱਚ ਪਾਕਿਸਤਾਨ ਦੇ ਸਿੰਧ ਸੂਬੇ ਨੂੰ ਸੱਭਿਆਚਾਰਕ ਤੌਰ 'ਤੇ ਹਮੇਸ਼ਾ ਭਾਰਤ ਦਾ ਹਿੱਸਾ ਦੱਸਿਆ ਸੀ।ਉਨ੍ਹਾਂ ਦੇ ਇਸ ਬਿਆਨ ਨੂੰ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਗ਼ੈਰ-ਯਥਾਰਥਵਾਦੀ, ਭੜਕਾਊ ਅਤੇ ਇਤਿਹਾਸ ਨੂੰ ਖ਼ਤਰਨਾਕ ਹੱਦ ਤੱਕ ਤੋੜਨ-ਮਰੋੜਨ ਦੀ ਕੋਸ਼ਿਸ਼ ਦੱਸਿਆ ਹੈ।ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸਾਬਕਾ ਉਪ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਦਾ ਜ਼ਿਕਰ ਕਰਦੇ ਹੋਏ ਕਿਹਾ ਸੀ ਕਿ ਉਨ੍ਹਾਂ ਨੇ ਆਪਣੀ ਇੱਕ ਕਿਤਾਬ ਵਿੱਚ ਲਿਖਿਆ ਹੈ ਕਿ ਸਿੰਧੀ ਹਿੰਦੂ, ਖ਼ਾਸ ਤੌਰ 'ਤੇ ਉਨ੍ਹਾਂ ਦੀ ਪੀੜ੍ਹੀ ਦੇ ਲੋਕ, ਅੱਜ ਤੱਕ ਸਿੰਧ ਦੇ ਭਾਰਤ ਤੋਂ ਵੱਖ ਹੋਣ ਨੂੰ ਸਵੀਕਾਰ ਨਹੀਂ ਕਰ ਸਕੇ ਹਨ।

ਰਾਜਨਾਥ ਸਿੰਘ ਨੇ ਇਹ ਵੀ ਦੱਸਿਆ, ਅੱਜ ਸ਼ਾਇਦ ਸਿੰਧ ਦੀ ਧਰਤੀ ਭਾਰਤ ਦਾ ਹਿੱਸਾ ਨਾ ਹੋਵੇ, ਪਰ ਸੱਭਿਆਚਾਰਕ ਤੌਰ 'ਤੇ ਸਿੰਧ ਹਮੇਸ਼ਾ ਭਾਰਤ ਦਾ ਹਿੱਸਾ ਰਹੇਗਾ ਅਤੇ ਜਿੱਥੋਂ ਤੱਕ ਜ਼ਮੀਨ ਦਾ ਸਵਾਲ ਹੈ ਤਾਂ ਸੀਮਾਵਾਂ ਬਦਲ ਸਕਦੀਆਂ ਹਨ।ਪਤਾ ਨਹੀਂ, ਕੱਲ੍ਹ ਸਿੰਧ ਮੁੜ ਭਾਰਤ ਵਿੱਚ ਵਾਪਸ ਆ ਜਾਵੇ।ਭਾਰਤ ਅਤੇ ਪਾਕਿਸਤਾਨ ਦੇ ਸਬੰਧਾਂ ਵਿੱਚ ਨਵੀਂ ਕੜਵਾਹਟ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਆਓ ਦੇਖਦੇ ਹਾਂ ਕਿ ਇਤਿਹਾਸ ਸਾਨੂੰ ਕੀ ਦੱਸਦਾ ਹੈ ਅਤੇ ਇਤਿਹਾਸ ਤੇ ਰਾਜਨੀਤੀ ਦੇ ਮਾਹਰ ਸਿੰਧ ਦੇ ਮਾਮਲੇ ਵਿੱਚ ਕੀ ਕਹਿੰਦੇ ਹਨ।ਐਨਸਾਈਕਲੋਪੀਡੀਆ ਬ੍ਰਿਟੈਨਿਕਾ ਦੇ ਅਨੁਸਾਰ, ਮੌਜੂਦਾ ਸਿੰਧ ਪ੍ਰਾਂਤ ਦਾ ਇਲਾਕਾ, ਜੋ ਕਿ ਸਿੰਧ ਨਦੀ ਦੇ ਡੇਲਟਾ ਦਾ ਹਿੱਸਾ ਹੈ, ਪ੍ਰਾਚੀਨ ਸਿੰਧ ਘਾਟੀ ਸਭਿਅਤਾ ਦਾ ਕੇਂਦਰ ਸੀ।ਇਸ ਸਭਿਅਤਾ ਦੀ ਅਗਵਾਈ ਮੋਹਨਜੋਦੜੋ ਅਤੇ ਕੋਟ ਦੀਜੀ ਵਰਗੀਆਂ ਥਾਵਾਂ ਕਰਦੀਆਂ ਹਨ। ਇਹ ਸ਼ੁਰੂਆਤੀ ਸਭਿਅਤਾ ਲਗਭਗ 2300 ਈਸਾ ਪੂਰਵ ਤੋਂ 1750 ਈਸਾ ਪੂਰਵ ਤੱਕ ਮੌਜੂਦ ਰਹੀ।

**ਮੋਹਨਜੋਦੜੋ ਤੋਂ ਬੰਬੇ ਪ੍ਰੇਸੀਡੈਂਸੀ ਤੱਕ**

ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵਿੱਚ ਲਿਖਿਆ ਹੈ ਕਿ ਦੁਨੀਆ ਦੀਆਂ ਤਿੰਨ ਸਭ ਤੋਂ ਪ੍ਰਾਚੀਨ ਮਹਾਨ ਸੱਭਿਅਤਾਵਾਂ (ਭਾਵ ਮੇਸੋਪੋਟਾਮੀਆ, ਮਿਸਰ ਅਤੇ ਸਿੰਧ ਘਾਟੀ) ਵਿੱਚੋਂ ਸਿੰਧ ਘਾਟੀ ਸੱਭਿਅਤਾ ÷ਖੇਤਰ ਦੇ ਹਿਸਾਬ ਨਾਲ ਸਭ ਤੋਂ ਜ਼ਿਆਦਾ ਫੈਲੀ ਹੋਈ ਸੀ। ਇਹ ਸਭਿਅਤਾ ਸਭ ਤੋਂ ਪਹਿਲਾਂ 1921 ਵਿੱਚ ਹੜੱਪਾ (ਪੰਜਾਬ) ਵਿੱਚ ਖੋਜੀ ਗਈ ਅਤੇ ਫਿਰ 1922 ਵਿੱਚ ਮੋਹਨਜੋਦੜੋ (ਮੌਜੂਦਾ ਸਿੰਧ ਵਿੱਚ ਸਿੰਧੂ ਨਦੀ ਦੇ ਕੰਢੇ) ਵਿੱਚ ਖੋਜੀ ਗਈ ਸੀ।ਸੋਹੇਲ ਜ਼ਹੀਰ ਲਾਰੀ ਆਪਣੀ ਕਿਤਾਬ, 'ਏ ਹਿਸਟਰੀ ਆਫ਼ ਸਿੰਧ' ਵਿੱਚ ਲਿਖਦੇ ਹਨ ਕਿ ਇਹ ਸੱਭਿਅਤਾ ਲਗਭਗ ਮੌਜੂਦਾ ਪਾਕਿਸਤਾਨ ਦੇ ਖੇਤਰ ਵਿੱਚ ਫੈਲੀ ਹੋਈ ਸੀ। ਇਹ ਦੱਖਣ ਅਤੇ ਪੂਰਬ ਵਿੱਚ ਮੌਜੂਦਾ ਭਾਰਤੀ ਸੂਬਿਆਂ ਗੁਜਰਾਤ, ਰਾਜਸਥਾਨ ਅਤੇ ਹਰਿਆਣਾ ਤੱਕ ਅਤੇ ਪੱਛਮ ਵਿੱਚ ਅਫ਼ਗਾਨਿਸਤਾਨ ਤੱਕ ਫੈਲੀ ਹੋਈ ਸੀ। ਉਹ ਦੱਸਦੇ ਹਨ, ਗਰਮੀਆਂ ਵਿੱਚ ਸਿੰਧੂ ਨਦੀ ਦੇ ਪਾਣੀ ਦਾ ਪੱਧਰ ਸਰਦੀਆਂ ਦੀ ਤੁਲਨਾ ਵਿੱਚ 16 ਗੁਣਾ ਜ਼ਿਆਦਾ ਹੋ ਸਕਦਾ ਹੈ ਅਤੇ ਇਸ ਤਬਦੀਲੀ ਨੇ ਸੰਗਠਿਤ ਸਿੰਚਾਈ ਅਤੇ ਖੇਤੀਬਾੜੀ ਦੇ ਮੌਕੇ ਘਟਾ ਦਿੱਤੇ ਸਨ।ਜੋ ਇਲਾਕੇ ਸਿੰਚਾਈ, ਖੇਤੀ ਅਤੇ ਕਿਸਾਨ ਬਸਤੀਆਂ ਵਸਾਉਣ ਲਈ ਸਹੀ ਸਨ, ਉਹ ਦਰਅਸਲ, ਛੋਟੀਆਂ ਨਦੀਆਂ ਸਨ। ਇਸ ਕਾਰਨ ਕਰਕੇ ਹੜੱਪਾ ਦੀ ਸੱਭਿਅਤਾ ਦੀਆਂ ਜ਼ਿਆਦਾਤਰ ਬਸਤੀਆਂ ਸਿੰਧੂ ਨਦੀ ਦੀ ਮੁੱਖ ਧਾਰਾ ਤੋਂ ਦੂਰ ਸਥਿਤ ਸਨ। ਇਹ ਸਥਿਤੀ ਉਦੋਂ ਤੱਕ ਬਣੀ ਰਹੀ ਜਦੋਂ ਤੱਕ ਹੜੱਪਾ ਵਾਸੀਆਂ ਨੇ 2500 ਈਸਾ ਪੂਰਵ ਦੇ ਆਸਪਾਸ ਇੱਕ ਕ੍ਰਾਂਤੀਕਾਰੀ ਫ਼ੈਸਲਾ ਨਹੀਂ ਲਿਆ, ਭਾਵ ਹੜੱਪਾ ਅਤੇ ਮੋਹਨਜੋਦੜੋ ਨੂੰ ਪਹਿਲਾਂ ਤੋਂ ਤੈਅ ਨਕਸ਼ੇ ਦੇ ਅਨੁਸਾਰ ਕੇਂਦਰੀ ਸ਼ਹਿਰੀ ਕੇਂਦਰਾਂ ਵਜੋਂ ਬਣਾਉਣਾ, ਤਾਂ ਜੋ ਸਿੰਧੂ ਨਦੀ ਨੂੰ ਆਉਣ-ਜਾਣ ਅਤੇ ਵਪਾਰ ਲਈ ਇਸਤੇਮਾਲ ਕੀਤਾ ਜਾ ਸਕੇ। ਪ੍ਰਸ਼ਾਸਕੀ ਤੌਰ 'ਤੇ ਇਸ ਫ਼ੈਸਲੇ ਨੇ ਸਿੰਧੂ ਨਦੀ ਦੇ ਦੋਵੇਂ ਕੰਢਿਆਂ 'ਤੇ ਵਸੀ ਹੜੱਪਾ ਬਸਤੀਆਂ ਨੂੰ ਜਲ ਆਵਾਜਾਈ ਦੇ ਇੱਕ ਨੈੱਟਵਰਕ ਰਾਹੀਂ ਆਪਸ ਵਿੱਚ ਜੋੜ ਦਿੱਤਾ। ਇਹ ਇਸ ਖੇਤਰ ਵਿੱਚ, ਜਿੱਥੇ ਬਰਸਾਤ ਅਤੇ ਹੜ੍ਹ ਦੌਰਾਨ ਸਮੁੰਦਰ ਵਰਗੀਆਂ ਹੋ ਜਾਂਦੀਆਂ ਸਨ, ਆਵਾਜਾਈ ਦਾ ਸਭ ਤੋਂ ਕਾਰਗਰ ਰਸਤਾ ਸੀ। ਇਸ ਨਾਲ ਹੜੱਪਾ ਸੱਭਿਅਤਾ ਨੂੰ ਇਹ ਸਹੂਲਤ ਵੀ ਮਿਲੀ ਕਿ ਉਹ ਸਮੁੰਦਰੀ ਕੰਢੇ ਦੇ ਨਾਲ-ਨਾਲ ਇੱਕ ਪਾਸੇ ਫਾਰਸ ਦੀ ਖਾੜੀ ਤੱਕ ਅਤੇ ਤੇ ਦੂਜੇ ਪਾਸੇ ਦੱਖਣ (ਦੱਖਣੀ ਭਾਰਤ) ਤੱਕ ਫੈਲ ਸਕੇ। ਐਨਸਾਈਕਲੋਪੀਡੀਆ ਬ੍ਰਿਟੈਨਿਕਾ ਦੇ ਅਨੁਸਾਰ, ਇਸ ਤੋਂ ਬਾਅਦ ਇਤਿਹਾਸਕ ਰਿਕਾਰਡ ਵਿੱਚ ਇੱਕ ਹਜ਼ਾਰ ਸਾਲਾਂ ਤੋਂ ਵੱਧ ਦਾ ਅੰਤਰ ਹੈ।

ਫਿਰ ਸਿੰਧ ਨੂੰ (ਈਰਾਨੀ) ਹਖ਼ਾਮਨੀ (ਅਕੇਮਨੀ) ਸਾਮਰਾਜ ਵਿੱਚ ਸ਼ਾਮਲ ਹੋਣ ਦੀ ਚਰਚਾ ਮਿਲਦੀ ਹੈ, ਜਦੋਂ ਦਾਰਾ ਪਹਿਲੇ ਨੇ ਛੇਵੀਂ ਸਦੀ ਈਸਾ ਪੂਰਵ ਦੇ ਅਖ਼ੀਰ ਵਿੱਚ ਇਸਨੂੰ ਜਿੱਤ ਲਿਆ ਸੀ। ਲਗਭਗ ਦੋ ਸਦੀਆਂ ਬਾਅਦ ਸਿਕੰਦਰ ਮਹਾਨ ਨੇ 326 ਅਤੇ 325 ਈਸਾ ਪੂਰਵ ਦੇ ਵਿਚਕਾਰ ਇਸ ਖੇਤਰ ਨੂੰ ਜਿੱਤਿਆ ਸੀ। ਉਸ ਦੀ ਮੌਤ ਤੋਂ ਬਾਅਦ ਸਿੰਧ ਉੱਤੇ ਸੈਲਿਊਕਸ ਪਹਿਲੇ ਨਿਕੇਟਰ, ਚੰਦਰਗੁਪਤ ਮੌਰਿਆ (ਲਗਭਗ 305 ਈਸਾ ਪੂਰਵ), ਫਿਰ ਤੀਜੀ ਤੋਂ ਦੂਜੀ ਸਦੀ ਈਸਾ ਪੂਰਵ ਤੱਕ ਇੰਡੋ-ਗ੍ਰੀਕ ਅਤੇ ਪਾਰਥੀਅਨ ਸ਼ਾਸਕਾਂ ਅਤੇ ਬਾਅਦ ਵਿੱਚ ਪਹਿਲੀ ਸਦੀ ਈਸਾ ਪੂਰਵ ਤੋਂ ਦੂਜੀ ਸਦੀ ਈਸਾ ਪੂਰਵ ਤੱਕ ਸ਼ਕ ਅਤੇ ਕੁਸ਼ਾਣ ਸ਼ਾਸਕਾਂ ਨੇ ਸ਼ਾਸਨ ਕੀਤਾ।ਪਹਿਲੀ ਸਦੀ ਈਸਵੀ ਵਿੱਚ ਕੁਸ਼ਾਣ ਕਾਲ ਵਿੱਚ ਸਿੰਧ ਦੀ ਜ਼ਿਆਦਾਤਰ ਆਬਾਦੀ ਨੇ ਬੁੱਧ ਧਰਮ ਅਪਣਾ ਲਿਆ। ਤੀਜੀ ਤੋਂ ਸੱਤਵੀਂ ਸਦੀ ਤੱਕ ਇਹ ਇਲਾਕਾ ਈਰਾਨੀ ਸਾਸਾਨੀ ਸਾਮਰਾਜ ਦੇ ਅਧੀਨ ਰਿਹਾ। ਐਨਸਾਈਕਲੋਪੀਡੀਆ ਬ੍ਰਿਟੈਨਿਕਾ ਦੇ ਖੋਜ ਦੇ ਅਨੁਸਾਰ ਸੰਨ 711 ਈਸਵੀ ਵਿੱਚ ਅਰਬਾਂ ਦੇ ਸਿੰਧ ਵਿੱਚ ਆਉਣ ਦੇ ਨਾਲ ਦੱਖਣੀ ਏਸ਼ੀਆ ਵਿੱਚ ਇਸਲਾਮ ਦੀ ਨੀਂਹ ਪੈਂਦੀ ਹੈ।ਸੰਨ 712 ਤੋਂ ਲਗਭਗ ਸੰਨ 900 ਤੱਕ, ਸਿੰਧ ਉਮਯਦ ਅਤੇ ਅੱਬਾਸੀ ਸਲਤਨਤਾਂ ਦੇ ਸੂਬੇ 'ਅਲਸਮਿੰਦ (ਅਲ-ਸਿੰਧ)' ਦਾ ਹਿੱਸਾ ਰਿਹਾ, ਜਿਸਦੀ ਰਾਜਧਾਨੀ ਮੌਜੂਦਾ (ਪਾਕਿਸਤਾਨੀ) ਦੇ ਹੈਦਰਾਬਾਦ ਤੋਂ 72 ਕਿਲੋਮੀਟਰ ਉੱਤਰ ਵਿੱਚ ਸਥਿਤ ਅਲ-ਮੰਸੂਰਾ ਸੀ। ਖ਼ ?ਲਾਫ਼ਤ ਦੀ ਕੇਂਦਰੀ ਸ਼ਕਤੀ ਦੇ ਕਮਜ਼ੋਰ ਪੈਣ ਤੋਂ ਬਾਅਦ ਦਸਵੀਂ ਤੋਂ ਸੋਲਵੀਂ ਸ਼ਤਾਬਦੀ ਤੱਕ 'ਅਲਸਮਿੰਦ' ਦੇ ਅਰਬ ਗਵਰਨਰਾਂ ਨੇ ਇਲਾਕਿਆਂ ਵਿੱਚ ਆਪਣੀ ਸਥਾਨਕ ਅਤੇ ਖ਼ਾਨਦਾਨੀ ਬਕੂਮਤ ਕਾਇਮ ਕਰ ਲਈ।÷ ਸੋਲ੍ਹਵੀਂ ਅਤੇ ਸਤਾਰ੍ਹਵੀਂ ਸਦੀ (1591-1700) ਸਿੰਧ ਮੁਗ਼ਲ ਦੇ ਸ਼ਾਸਨ ਵਿੱਚ ਰਿਹਾ। ਇਸ ਦੇ ਬਾਅਦ ਕਈ ਸੁਤੰਤਰ ਸਿੰਧੀ ਰਿਆਸਤਾਂ ਦੇ ਪਰਿਵਾਰਾਂ ਨੇ ਇਸ ਨੂੰ ਚਲਾਇਆ। ਇੱਥੋਂ ਤੱਕ ਕਿ 1843 ਵਿੱਚ ਆਖ਼ਰੀ ਸਿੰਧੀ ਹਕੂਮਤ ਨੂੰ ਬ੍ਰਿਟਿਸ਼ ਫੌਜ ਨੇ ਹਰਾ ਦਿੱਤਾ ।ਉਸ ਸਮੇਂ, ਸਿੰਧ ਦੇ ਜ਼ਿਆਦਾਤਰ ਹਿੱਸਿਆਂ ਨੂੰ ਬੰਬਈ ਪ੍ਰੈਜ਼ੀਡੈਂਸੀ ਵਿੱਚ ਸ਼ਾਮਲ ਕਰ ਲਿਆ ਗਿਆ ਸੀ ।ਸੱਭਿਆਚਾਰਕ ਤੌਰ 'ਤੇ ਇਹ ਇਲਾਕਾ ਜੇਕਰ ਇੱਕਜੁੱਟ ਹੈ ਤਾਂ ਇਹ ਬਹੁਤ ਹੀ ਕੁਦਰਤੀ ਜਾਪਦਾ ਹੈ। ਅਜਿਹਾ ਬਹੁਤ ਹੀ ਗ਼ੈਰ-ਕੁਦਰਤੀ ਹੋਵੇਗਾ ਕਿ ਸਿੰਧ ਵੱਖ ਹੋ ਕੇ ਭਾਰਤ ਦੇ ਨਾਲ ਚਲਾ ਜਾਵੇ।



### ਸਿੰਧ ਨੇ ਪਾਕਿਸਤਾਨ ਦਾ ਹਿੱਸਾ ਬਣਨ ਦਾ ਫ਼ੈਸਲਾ ਕਿਉਂ ਕੀਤਾ ?

ਪਾਕਿਸਤਾਨ ਦੇ ਸੰਸਥਾਪਕ, ਮੁਹੰਮਦ ਅਲੀ ਜਿਨਾਹ ਨੇ ਆਪਣੇ 14 ਪੁਾਇੰਟਸ ਵਿੱਚ ਸਿੰਧ ਨੂੰ ਬੰਬਈ ਤੋਂ ਵੱਖ ਕਰਨ ਦੀ ਮੰਗ ਕੀਤੀ।ਮੁਸਲਮਾਨਾਂ ਦੀ ਮੰਗ 'ਤੇ ਬ੍ਰਿਟਿਸ਼ ਸਰਕਾਰ ਨੇ 1936 ਵਿੱਚ ਸਿੰਧ ਨੂੰ ਬੰਬੇ ਤੋਂ ਵੱਖ ਕਰ ਕੇ ਵੱਖਰੇ ਸੂਬੇ ਦਾ ਦਰਜਾ ਦਿੱਤਾ। ਸੰਨ 1947 ਵਿੱਚ ਪਾਕਿਸਤਾਨ ਬਣਨ ਵੇਲੇ ਸਿੰਧ ਨੂੰ ਮੁਸਲਮਾਨ-ਬਹੁਗਿਣਤੀ ਵਾਲਾ ਸੂਬਾ ਹੋਣ ਕਾਰਨ ਪਾਕਿਸਤਾਨ ਦਾ ਹਿੱਸਾ ਬਣਾ ਦਿੱਤਾ।ਖੋਜਕਾਰ ਅਤੇ ਲੇਖਕ ਡਾ. ਮੁਹੰਮਦ ਅਲੀ ਸ਼ੇਖ ਨੇ ਆਪਣੇ ਇੱਕ ਲੇਖ ਵਿੱਚ ਦੱਸਿਆ ਹੈ ਕਿ ਬੋਧੀ ਰਾਜਾ ਸਿਹਾਸੀ ਦੂਜੇ ਦੇ 28 ਸਾਲਾਂ ਦੇ ਰਾਜ ਦੌਰਾਨ ਰਾਜ ਦੇ ਜ਼ਿਆਦਾਤਰ ਮਾਮਲੇ ਉਨ੍ਹਾਂ ਦੇ ਵਫ਼ਾਦਾਰ ਬ੍ਰਾਹਮਣ ਮੰਤਰੀ, ਚਚ ਦੇ ਅਧੀਨ ਸਨ। ਕਰੀਬ 642 ਈਸਵੀ ਵਿੱਚ ਚੀਨੀ ਯਾਤਰੀ ਹਵੇਨ ਸਾਂਗ ਸਿੰਧ ਆਏ ਅਤੇ ਉਨ੍ਹਾਂ ਨੇ ਲਿਖਿਆ ਕਿ ਇੱਥੋਂ 'ਅਣਗਿਣਤ ਸਤੂਪ' ਅਤੇ 'ਸੈਂਕੜੇ ਵਿਹਾਰ' ਸਨ, ਜਿਨ੍ਹਾਂ ਵਿੱਚ ਕਰੀਬ 'ਦਸ ਹਜ਼ਾਰ ਭਿਕਸ਼ੂ' ਰਹਿੰਦੇ ਸਨ। ਬ੍ਰਿਟਿਸ਼ ਇਤਿਹਾਸਕਾਰ ਜੌਨ ਕੀਏ ਆਪਣੀ ਕਿਤਾਬ ÷ਇੰਡੀਆ: ਏ ਹਿਸਟਰੀ÷ ਵਿੱਚ ਲਿਖਦੇ ਹਨ ਕਿ ਬੁੱਧ ਧਰਮ ਸਿੰਧ ਦਾ ਸਭ ਤੋਂ ਮਜ਼ਬੂਤ ਧਰਮ ਸੀ ਪਰ ਹਿੰਦੂ ਧਰਮ ਵੀ ਮੌਜੂਦ ਸੀ ਅਤੇ ਇੱਥੇ ਲਗਭਗ 'ਤੀਹ ਹਿੰਦੂ ਮੰਦਰ' ਸਨ। ਸੱਤਵੀਂ ਸਦੀ ਵਿੱਚ ਸਿੰਧ ਸਾਮਰਾਜ ਵਿੱਚ ਲਗਭਗ ਪੂਰੀ ਸਿੰਧ ਘਾਟੀ ਸ਼ਾਮਲ ਸੀ, ਸਿਵਾਏ ਉੱਤਰੀ ਹਿੱਸੇ ਦੇ। ਤਖ਼ਤ 'ਤੇ ਬੈਠਣ ਤੋਂ ਬਾਅਦ ਜਦੋਂ ਚਚ ਨੇ ਵਿਜੇ ਮੁਹਿੰਮ ਸ਼ੁਰੂ ਕੀਤੀ ਤਾਂ ਉਨ੍ਹਾਂ ਨੇ ਆਪਣੇ ਰਾਜ ਦੀਆਂ ਸੀਮਾਵਾਂ ਤੈਅ ਕਰਨ ਦਾ ਇੱਕ ਵਿਲੱਖਣ ਤਰੀਕਾ ਕੱਢਿਆ: ਵੱਖ-ਵੱਖ ਖੇਤਰਾਂ ਦੀ ਪਛਾਣ ਅਨੁਸਾਰ ਰੁੱਖ ਲਗਾ ਕੇ। ਇਸ ਸੰਦਰਭ ਵਿੱਚ ਕੀਏ ਲਿਖਦੇ ਹਨ ਕਿ ਜੇਕਰ ਉੱਤਰ-ਪੱਛਮ ਵਿੱਚ ਸਿਰਫ਼ ਪ੍ਰਾਚੀਨ ਗੰਧਾਰ ਖੇਤਰ ਵੀ ਸ਼ਾਮਲ ਹੋ ਜਾਂਦਾ ਹੈ ਤਾਂ ਚਾਚ ਰਾਜ ਇੱਕ ਤਰ੍ਹਾਂ ਦਾ ਪ੍ਰੋਟੋ-ਪਾਕਿਸਤਾਨ ਬਣ ਜਾਂਦਾ। ਇਤਿਹਾਸਕਾਰ ਡਾ. ਤਾਹਿਰ ਕਾਮਰਾਨ ਦੇ ਅਨੁਸਾਰ, ਸਿੰਧੂ ਘਾਟੀ ਸਭਿਅਤਾ ਦਾ ਕੇਂਦਰ ਉਹੀ ਇਲਾਕਾ ਹੈ ਜੋ ਹੁਣ ਪਾਕਿਸਤਾਨ ਹੈ। ਉਨ੍ਹਾਂ ਨੇ ਬੀਬੀਸੀ ਨੂੰ ਦੱਸਿਆ, ÷ਇਸ ਵਿੱਚ ਪੰਜਾਬ ਵੀ ਹੈ, ਬਲੋਚਿਸਤਾਨ ਵੀ, ਖ਼ੈਬਰ ਪਖ਼ਤੂਨਖਵਾ ਵੀ ਹੈ, ਟੈਕਸਿਲਾ (ਤਕਸ਼ਿਲਾ) ਦੀ ਸੱਭਿਅਤਾ ਦੇ ਸੰਦਰਭ ਵਿੱਚ ਅਤੇ ਸਿੰਧ ਤੇ ਮੋਹਨਜੋਦੜੋ ਆਦਿ ਨੂੰ ਮਿਲਾ ਕੇ। ਇਹ ਕੇਂਦਰ ਹੈ, ਇਹ ਸਰੋਤ ਹੈ ਅਤੇ ਇੱਥੋਂ ਹੀ ਸਿੰਧੂ ਘਾਟੀ ਸੱਭਿਅਤਾ ਉਭਰੀ ਅਤੇ ਫੈਲੀ ਤੇ ਇਸਦਾ ਪ੍ਰਭਾਵ ਗੁਜਰਾਤ ਤੱਕ ਪਿਆ।

# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 331

Website: www.preetnama.com Email preetnamausa@gmail.com

05 DEC TO 11 DEC, 2025




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 331

Website: www.preetnama.com Email preetnamausa@gmail.com

05 DEC TO 11 DEC, 2025



## LOWER YOUR PROPERTY TAXES

**Our fee 35% others charge 50%**

NO REDUCTION → NO FEE

CALL 516-680-8037



## HUGE TAX SAVINGS FOR OUR HOMEOWNERS

Muttontown $13,435
Jericho - $9,458
Levittown - $3,788
Roslyn - $3,435
Wantagh - $3,208
East Hills $7,925

Woodbury - $4,836
Bayville - $5,797
Westbury - $3,609
Bellmore - $3,731
Bethpage - $3,066
Manhasset $5,840



**Varinder K Bhalla**
Former Commissioner
Nassau County ARC

PropertyTax ReductionGuru

★★★★★ Five Star Rating by Our Clients

WWW.PropertyTaxReductionGuru.com

# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 331 | Website: www.preetnama.com Email preetnamausa@gmail.com | 05 DEC TO 11 DEC, 2025




# ਆਖਿਰ ਹੈਕਰ ਸਾਡੇ ਸਮਾਰਟ ਫੋਨ ਜਾਂ ਕੰਪਿਊਟਰ ਨੂੰ ਕਿਵੇਂ ਕਰਦੇ ਹਨ ਹੈਕ






ਚਾਨਣ ਦੀਪ ਸਿੰਘ ਔਲਖ,
ਮੋ: 9876888177

ਅੱਜ ਟੈਕਨਾਲੋਜੀ ਦੇ ਇਸ ਯੁੱਗ ਵਿੱਚ ਹਰ ਕੋਈ ਕੰਪਿਊਟਰ ਦੀ ਵਰਤੋਂ ਕਿਸੇ ਨਾ ਕਿਸੇ ਰੂਪ ਵਿੱਚ ਜਰੂਰ ਕਰ ਰਿਹਾ ਹੈ।ਸਮਾਰਟਫੋਨ ਤਾਂ ਹਰ ਇੱਕ ਦੀ ਜਿੰਦਗੀ ਦਾ ਅੰਗ ਹੀ ਬਣ ਗਿਆ ਹੈ। ਹੁਣ ਸਿਰਫ਼ ਗੱਲਬਾਤ ਹੀ ਨਹੀਂ ਬਲਕਿ ਵੀਡੀਓ ਗੱਲਬਾਤ , ਈ-ਮੇਲ ਸੁਨੇਹਾ ਭੇਜਣ, ਈ-ਬੈਕਿੰਗ ਲੈਣ-ਦੇਣ, ਸੋਸ਼ਲ ਮੀਡੀਆ 'ਤੇ ਜੁੜਨ ਆਦਿ ਕਾਰਜਾਂ ਲਈ ਕੰਪਿਊਟਰ ਦੇ ਨਾਲ ਨਾਲ ਸਮਾਰਟ ਫੋਨ ਦੀ ਵਰਤੋਂ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਕੀਤੀ ਜਾਂਦੀ ਹੈ।

ਜਿੱਥੇ ਇਨ੍ਹਾਂ ਉਪਕਰਨਾਂ ਦੀ ਵਰਤੋਂ ਵਧੀ ਹੈ ਉਥੇ ਇਨ੍ਹਾਂ ਨਾਲ ਸਬੰਧਤ ਚੋਰੀਆਂ, ਠੱਗੀਆਂ ਅਤੇ ਧੋਖਾਧੜੀਆਂ ਨੇ ਵੀ ਜਨਮ ਲਿਆ ਹੈ। ਜਿਨ੍ਹਾਂ ਨੂੰ ਸਾਇਬਰ ਅਪਰਾਧ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਆਏ ਦਿਨ ਇਸ ਤਰ੍ਹਾਂ ਦੀਆਂ ਅਨੇਕਾਂ ਘਟਨਾਵਾਂ ਪੜਨ-ਸੁਣਨ ਨੂੰ ਮਿਲਦੀਆਂ ਹਨ। ਲਾਕਡਾਊਨ ਦੌਰਾਨ ਇਨ੍ਹਾਂ ਘਟਨਾਵਾਂ ਵਿੱਚ ਕਾਫੀ ਵਾਧਾ ਹੋਇਆ ਹੈ। ਭਾਰਤ ਦੇ ਚੀਨ ਨਾਲ ਛਿੜੇ ਤਤਕਾਲੀ ਤਣਾਅ ਤੋਂ ਬਾਅਦ ਚੀਨੀ ਹੈਕਰਾਂ ਵੱਲੋਂ ਭਾਰਤ ਵਿੱਚ ਸਾਇਬਰ ਅਟੈਕ ਦੀਆਂ ਖਬਰਾਂ ਆ ਰਹੀਆਂ ਹਨ। ਪਿਛਲੇ ਕੁਝ ਦਿਨਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਾਇਬਰ ਅਟੈਕ ਦੇ ਮਾਮਲੇ ਸੁਣਨ ਨੂੰ ਮਿਲੇ ਹਨ। ਇਨ੍ਹਾਂ ਖਬਰਾਂ ਵਿੱਚ ਕਿੰਨੀ ਸੱਚਾਈ ਹੈ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਫਿਰ ਵੀ ਸਾਨੂੰ ਚੌਕੰਨੇ ਜਰੂਰ ਹੋ ਜਾਣਾ ਚਾਹੀਦਾ ਹੈ। ਸਾਡੇ ਵਿੱਚੋਂ ਬਹੁਤੇ ਕੰਪਿਊਟਰ ਅਤੇ ਸਮਾਰਟ ਫੋਨ ਵਰਤੋਂਕਾਰ ਨਿਸਚਿਤ ਤੌਰ ਤੇ ਇਸ ਤੋਂ ਅਣਜਾਣ ਹੋਣਗੇ। ਇਸ ਲਈ ਸਾਨੂੰ ਇਹ ਜਾਣਕਾਰੀ ਹੋਣਾ ਜਰੂਰੀ ਹੈ ਕਿ ਆਖਿਰ ਹੈਕਰ ਸਾਡੇ ਕੰਪਿਊਟਰ ਜਾਂ ਸਮਾਰਟ ਫੋਨ ਨੂੰ ਕਿਵੇਂ ਹੈਕ ਕਰ ਲੈਂਦੇ ਹਨ ਅਤੇ ਸਾਇਬਰ ਅਟੈਕ ਕਿਵੇਂ ਕਰਦੇ ਹਨ। ਸਾਧਾਰਨ ਭਾਸ਼ਾ ਵਿੱਚ ਜਿਵੇਂ ਮੱਛੀ ਨੂੰ ਫੜਨ ਲਈ ਜਾਲ ਜਾਂ ਕੁੰਡੀ ਤੇ ਮੱਛੀ ਦੀ ਮਨਪਸੰਦ ਚੀਜ਼ ਲਗਾਈ ਜਾਂਦੀ ਹੈ ਜਿਸ ਨਾਲ ਮੱਛੀ ਆਪਣੇ-ਆਪ ਉਸ ਜਾਲ ਵੱਲ ਖਿੱਚੀ ਆਉਂਦੀ ਹੈ ਅਤੇ ਜਾਲ ਵਿੱਚ ਫਸ ਜਾਂਦੀ ਹੈ। ਬਿਲਕੁਲ ਉਸੇ ਤਕਨੀਕ ਦੀ ਵਰਤੋਂ ਇਹਨਾਂ ਹੈਕਰਾਂ ਵੱਲੋਂ ਉਪਕਰਨਾਂ ਨੂੰ ਹੈਕ ਕਰਨ ਲਈ ਕੀਤੀ ਜਾਂਦੀ ਹੈ। ਇੱਥੇ ਹੈਕਰ ਵਰਤੋਂਕਾਰਾਂ ਦੇ ਸਾਹਮਣੇ ਚਾਰੇ ਦੇ ਰੂਪ ਵਿੱਚ ਕੁਝ ਲੁਭਾਵਣੀਆਂ ਚੀਜ਼ਾਂ ਦੀ ਨੁਮਾਇਸ਼ ਕਰਦਾ ਹੈ ਤਾਂ ਜੋ ਉਹ ਛੇਤੀ ਨਾਲ ਆਕਰਸ਼ਿਤ ਹੋ ਜਾਣ। ਜਿਵੇਂ ਉਹ ਕੁਝ ਆਕਰਸ਼ਕ ਆਫਰ ਰੱਖਦਾ ਹੈ ਜਾਂ ਉਹ ਮੈਸੇਜ ਭੇਜਦਾ ਹੈ ਜਿਸ ਵਿੱਚ ਦੱਸਿਆ ਜਾਂਦਾ ਹੈ ਕਿ ਬੈਂਕ ਤੋਂ ਤੁਹਾਨੂੰ ਇਨਾ ਕੈਸਬੈਕ ਮਿਲ ਰਿਹਾ ਹੈ ਜਾਂ ਤੁਸੀਂ ਇੰਨੇ ਲੱਖ ਰੁਪਏ ਜਾਂ ਡਾਲਰ ਜਿੱਤ ਲਏ ਹਨ। ਜਿਸ ਨੂੰ ਕਲੇਮ ਕਰਨ ਲਈ ਇਸ ਲਿੰਕ ਤੇ ਕਲਿਕ ਕਰੋ ਜਾਂ ਇਹ ਐਪ ਡਾਉਨਲੋਡ ਕਰੋ। ਮੈਸੇਜ ਜਾਂ ਈ-ਮੇਲ ਇਸ ਤਰ੍ਹਾਂ ਤਿਆਰ ਕੀਤੀ ਗਈ ਹੁੰਦੀ ਹੈ ਕਿ ਉਹ ਕਿਸੇ ਅਸਲੀ ਬੈਂਕ ਜਾਂ ਦਫ਼ਤਰ ਵਲੋਂ ਭੇਜੀ ਗਈ ਹੋਵੇ। ਕੋਈ ਵੀ ਵਿਅਕਤੀ ਉਸ ਨੂੰ ਪੜ੍ਹ ਕੇ ਫਟਾਫਟ ਉਸ ਲਿੰਕ ਨੂੰ ਖੋਲਦਾ ਹੈ ਜਾਂ ਐਪ ਡਾਉਨਲੋਡ ਕਰ ਕੇ ਹਰ ਤਰਾਂ ਦੀ ਪਰਮੀਸ਼ਨ ਅਲਾਓ ਕਰ ਦਿੰਦਾ ਹੈ, ਜਿਵੇਂ ਕਾਲ, ਮੈਸਜ, ਲੋਕੇਸ਼ਨ, ਕੈਮਰਾ, ਸਟੋਰੇਜ ਅਨੁਮਤੀ ਆਦਿ। ਕਈ ਲੋਕ ਪੇਡ ਐਪਲੀਕੇਸ਼ਨ/ ਸਾਫਟਵੇਅਰ ਨੂੰ ਮੁਫ਼ਤ ਵਿੱਚ ਇਸਤੇਮਾਲ ਕਰਨ ਲਈ ਥਰਡ ਪਾਰਟੀ ਐਪਲੀਕੇਸ਼ਨ ਜਾਂ ਕਰੈਕ ਸਾਫਟਵੇਅਰ ਡਾਊਨਲੋਡ ਕਰ ਲੈਂਦੇ ਹਨ ਜੋ ਕਿ ਭਰੋਸੇਯੋਗ ਨਹੀਂ ਹੁੰਦੇ। ਜਦੋਂ ਅਸੀਂ ਇਨ੍ਹਾਂ ਐਪਸ ਜਾਂ ਸਾਫਟਵੇਅਰਾਂ ਨੂੰ ਹਰ ਤਰ੍ਹਾਂ ਦੀਆਂ ਬਹੁਤ ਸਾਰੀਆਂ ਅਨੁਮਤੀਆਂ ਦੇ ਦਿੰਦੇ ਹਾਂ ਤਾਂ ਸਾਡਾ ਸਮਾਰਟ ਫੋਨ ਜਾਂ ਕੰਪਿਊਟਰ ਹੈਕ ਹੋ ਜਾਂਦਾ ਹੈ ਭਾਵ ਉਸ ਦਾ ਹਰ ਤਰ੍ਹਾਂ ਦਾ ਕੰਟਰੋਲ ਹੈਕਰ ਦੇ ਹੱਥ ਵਿੱਚ ਆ ਜਾਂਦਾ ਹੈ ਅਤੇ ਸਾਨੂੰ ਪਤਾ ਵੀ ਨਹੀਂ ਲੱਗਦਾ। ਇਸ ਤਰ੍ਹਾਂ ਦੀਆਂ ਐਪਸ ਨੂੰ ਸਪਾਈਵੇਅਰ ਐਪਸ ਜਾਂ ਸਪਾਈ ਸਾਫਟਵੇਅਰ ਕਿਹਾ ਜਾਂਦਾ ਹੈ ਅਤੇ ਈ-ਮੇਲ ਮੈਸਜ ਦੁਆਰਾ ਭੇਜੇ ਜਾਂਦੇ ਲਿੰਕ ਨੂੰ ਸਪੈਮ ਕਿਹਾ ਜਾਂਦਾ ਹੈ।

ਇੱਕ ਵਾਰ ਜੇਕਰ ਹੈਕਰ ਕਿਸੇ ਵੀ ਤਰੀਕੇ ਨਾਲ ਤੁਹਾਡੇ ਫੋਨ ਜਾਂ ਕੰਪਿਊਟਰ ਵਿੱਚ ਇਹ ਸਪਾਈਵੇਅਰ ਇੰਸਟਾਲ ਕਰਨ ਵਿੱਚ ਕਾਮਯਾਬ ਹੋ ਗਿਆ ਤਾਂ ਉਹ ਇੰਟਰਨੈੱਟ ਦੀ ਮਦਦ ਨਾਲ ਘਰ ਬੈਠਾ ਤੁਹਾਡੇ ਫੋਨ ਨੂੰ ਰਿਮੋਟਲੀ ਨਿਯੰਤਰਿਤ ਕਰ ਸਕਦਾ ਹੈ। ਉਹ ਤੁਹਾਡੇ ਫੋਨ ਤੋਂ ਕਾਲ ਕਰ ਸਕਦਾ ਹੈ, ਤੁਹਾਡੀ ਕਾਲ ਰਿਕਾਰਡ/ਸੁਣ ਸਕਦਾ ਹੈ, ਤੁਹਾਡੇ ਮੈਸਜ/ਈ-ਮੇਲ ਪੜ੍ਹ ਸਕਦਾ ਹੈ , ਕਿਸੇ ਨੂੰ ਵੀ ਭੇਜ ਸਕਦਾ ਹੈ , ਕੈਮਰਾ ਵਰਤ ਸਕਦਾ ਹੈ। ਕਈ ਪ੍ਰਸਥਿਤੀਆਂ ਵਿੱਚ ਤੁਹਾਨੂੰ ਇਸ ਵਰਤਾਰੇ ਦੀ ਭਿਣਕ ਵੀ ਨਹੀਂ ਲੱਗੇਗੀ।

ਹੁਣ ਇੱਥੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਜੇਕਰ ਹੈਕਰ ਨੇ ਤੁਹਾਡੇ ਕੰਪਿਊਟਰ ਜਾਂ ਸਮਾਰਟ ਫੋਨ ਦਾ ਕੰਟਰੋਲ ਹਾਸਲ ਕਰਨਾ ਹੈ ਤਾਂ ਉਸ ਨੂੰ ਤੁਹਾਡੇ ਉਪਕਰਨਾਂ ਵਿੱਚ ਕੋਈ ਸਪਾਈਵੇਅਰ ਸਾਫਟਵੇਅਰ ਇੰਸਟਾਲ ਕਰਨਾ ਲਾਜ਼ਮੀ ਹੈ ਇਸ ਤੋਂ ਬਿਨਾਂ ਉਸ ਵੱਲੋਂ ਅਜਿਹਾ ਕਰਨਾ ਸੰਭਵ ਨਹੀਂ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਆਖਿਰ ਅਸੀਂ ਆਪਣੇ ਸਮਾਰਟ ਫੋਨ ਜਾਂ ਕੰਪਿਊਟਰ ਨੂੰ ਹੈਕ ਹੋਣ ਤੋਂ ਕਿਵੇਂ ਬਚਾਅ ਸਕਦੇ ਹਾਂ ? ਇਸਦਾ ਜਵਾਬ ਉਪਰੋਕਤ ਚਰਚਾ ਦੇ ਵਿੱਚ ਹੀ ਛੁਪਿਆ ਹੋਇਆ ਹੈ। ਬਸ ਹੈਕਰ ਆਪਣੇ ਜਾਲ ਵਿੱਚ ਫਸਾਉਣ ਲਈ ਜੋ ਜੋ ਕਦਮ ਚੁੱਕਦਾ ਹੈ ਉਨ੍ਹਾਂ ਤੋਂ ਸਾਨੂੰ ਸਾਵਧਾਨ ਰਹਿਣਾ ਹੈ ਜਿਵੇਂ ਕਿ ਕਿਸੇ ਵੀ ਤਰ੍ਹਾਂ ਦੇ ਮੋਡੀਫਾਈਡ ਜਾਂ ਥਰਡ ਪਾਰਟੀ ਐਪਲੀਕੇਸ਼ਨ ਜਾਂ ਕਰੈਕ ਸਾਫਟਵੇਅਰ ਨੂੰ ਡਾਉਨਲੋਡ ਨਹੀਂ ਕਰਨਾ ਚਾਹੀਦਾ। ਜੇਕਰ ਤੁਹਾਨੂੰ ਅਜਿਹਾ ਮੈਸਜ ਜਾਂ ਈ-ਮੇਲ ਆਵੇ ਜਿਸ ਵਿੱਚ ਕੋਈ ਲਾਲਚ ਦਿੱਤਾ ਗਿਆ ਹੋਵੇ ਕਿ ਤੁਸੀਂ ਏਨੇ ਪੈਸੇ ਜਿੱਤ ਗਏ ਹੋ ਉਸ ਨੂੰ ਕਲੇਮ ਕਰਨ ਲਈ ਲਿੰਕ ਨੂੰ ਕਲਿਕ ਕਰੋ ਜਾਂ ਬੈਂਕ ਸਬੰਧੀ ਜਾਣਕਾਰੀ ਦਿਓ ਅਜਿਹਾ ਕਰਨ ਦੀ ਗਲਤੀ ਕਦੇ ਵੀ ਨਾ ਕਰੋ। ਇਸ ਦੇ ਨਾਲ ਹੀ ਜਦੋਂ ਅਸੀਂ ਆਪਣੇ ਸਮਾਰਟ ਫੋਨ ਵਿਚ ਕੋਈ ਐਪ ਪਲੇਅ ਸਟੋਰ ਜਾਂ ਐਪ ਸਟੋਰ ਤੋਂ ਡਾਉਨਲੋਡ ਕਰ ਕੇ ਇੰਸਟਾਲ ਕਰਦੇ ਹਾਂ ਤਾਂ ਉਹ ਕਈ ਕਿਸਮ ਦੀਆਂ ਅਨੁਮਤੀਆਂ ਦੀ ਮੰਗ ਕਰਦੀ ਹੈ ਅਸੀਂ ਬਿਨਾਂ ਪੜ੍ਹੇ ਸਾਰੀਆਂ ਅਨੁਮਤੀਆਂ ਦੀ ਆਗਿਆ ਦੇ ਦਿੰਦੇ ਹਾਂ। ਅਜਿਹਾ ਕਰਨਾ ਬਹੁਤ ਭਾਰੀ ਪੈ ਸਕਦਾ ਹੈ ਇਸ ਨਾਲ ਆਪਣੇ ਫੋਨ ਵਿਚਲੀ ਜਾਣਕਾਰੀ ਚੋਰੀ ਹੋ ਸਕਦੀ ਹੈ ਅਤੇ ਫੋਨ ਹੈਕ ਹੋ ਸਕਦਾ ਹੈ। ਹਮੇਸ਼ਾ ਚੰਗੀ ਤਰ੍ਹਾਂ ਪੜ੍ਹਕੇ ਹੀ ਪਰਮੀਸ਼ਨ ਦੇਣੀ ਚਾਹੀਦੀ ਹੈ। ਖਾਸ ਕਰ ਥਰਡ ਪਾਰਟੀ ਐਪਸ ਜਾਂ ਮੋਡੀਫਾਈਡ ਐਪਸ ਨੂੰ ਬਿਨਾਂ ਲੋੜੀਂਦੀਆਂ ਪਰਮੀਸ਼ਨਜ ਨਹੀਂ ਦੇਣੀਆਂ ਚਾਹੀਦੀਆਂ ਅਤੇ ਹਮੇਸ਼ਾ ਸਾਵਧਾਨ ਰਹਿਣਾ ਚਾਹੀਦਾ ਹੈ। ਹੈਕਰ ਤੁਹਾਡੇ ਉਪਕਰਨਾਂ ਨੂੰ ਹੈਕ ਕਰਕੇ ਹਰ ਤਰ੍ਹਾਂ ਦੀ ਜਾਣਕਾਰੀ ਜਿਵੇਂ ਕਾਲ ਡਿਟੇਲ, ਮੈਸਜ, ਪਰਸਨਲ ਫੋਟੋਆਂ, ਈ-ਮੇਲ, ਬੈਂਕ ਜਾਣਕਾਰੀ, ਪਾਸਵਰਡ ਆਦਿ ਡਾਟਾ ਚੁਰਾ ਕੇ ਤੁਹਾਡਾ ਬੈਂਕ ਖਾਤਾ ਖਾਲੀ ਕਰ ਸਕਦਾ ਹੈ ਜਾਂ ਤੁਹਾਨੂੰ ਹੋਰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਵਿੱਚ ਪਾ ਸਕਦਾ ਹੈ। ਇਸ ਤਰ੍ਹਾਂ ਦੇ ਸਾਇਬਰ ਅਟੈਕ ਤੋਂ ਬਚਣ ਲਈ ਹਮੇਸ਼ਾ ਸੁਚੇਤ ਅਤੇ ਚੌਕੰਨਾ ਰਹਿਣਾ ਚਾਹੀਦਾ ਹੈ। ਜਦੋਂ ਵੀ ਕੋਈ ਐਪਲੀਕੇਸ਼ਨ ਜਾਂ ਸਾਫਟਵੇਅਰ ਡਾਊਨਲੋਡ ਕਰਨਾ ਹੋਵੇ ਤਾਂ ਭਰੋਸੇਯੋਗ ਵੈਬਸਾਈਟ ਜਾਂ ਐਪ ਸਟੋਰ ਤੋਂ ਹੀ ਡਾਉਨਲੋਡ ਕਰਨੀ ਚਾਹੀਦੀ ਹੈ , ਥਰਡ ਪਾਰਟੀ ਐਪਲੀਕੇਸ਼ਨਾ ਜਾਂ ਕਰੈਕ ਸਾਫਟਵੇਅਰਾਂ ਨੂੰ ਇੰਸਟਾਲ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਫਾਲਤੂ ਦੇ ਲਾਲਚਨੁਮਾ ਲਿੰਕਾਂ ਨੂੰ ਕਦੇ ਨਹੀਂ ਖੋਲਣਾ ਚਾਹੀਦਾ।

# ਸੌਖਾ ਨਹੀਂ ਹੈ ਚੀਨੀ ਸਮਾਨ ਦਾ ਬਾਈਕਾਟ ਕਰਨਾ

ਹਰਪ੍ਰੀਤ ਸਿੰਘ ਬਰਾੜ

ਪਿਛਲੇ ਕੁਝ ਸਾਲਾਂ 'ਚ ਜਦੋਂ ਵੀ ਭਾਰਤ ਅਤੇ ਚੀਨ ਦਰਮਿਆਨ ਸਬੰਧਾ 'ਚ ਤਣਾਅ ਪੈਦਾ ਹੋਇਆ ਹੈ ਜਾਂ ਚੀਨੀ ਸਰਹੱਦ 'ਤੇ ਕੋਈ ਵਿਵਾਦ ਖੜਾ ਹੋਇਆ ਹੈ ਤਾਂ ਸਾਡੇ ਸਾਰੇ ਦੇਸ਼ 'ਚ ਉਸ 'ਤੇ ਪ੍ਰਤੀਕਿਰਿਆ ਦੇਖਣ ਨੂੰ ਮਿਲਦੀ ਰਹੀ ਹੈ।ਉਹੀ ਇੱਕੋ ਗੱਲ ਯਾਨੀ ਕਿ ਦੇਸ਼ 'ਚ ਚੀਨੀ ਸਮਾਨ ਦੇ ਬਾਈਕਾਟ ਦੀ ਮੁਹਿੰਮ ਚੱਲ ਪੈਂਦੀ ਹੈ। ਸੋਸ਼ਲ ਮੀਡੀਆ 'ਤੇ ਅਜਿਹੀਆਂ ਪੋਸਟਾਂ ਦੀ ਭਰਮਾਰ ਹੋ ਜਾਂਦੀ ਹੈ ਜਿੰਨ੍ਹਾਂ 'ਚ ਚੀਨੀ ਸਮਾਨ ਨਾ ਖਰੀਦਣ ਦਾ ਮੁੱਦਾ ਹੁੰਦਾ ਹੈ। ਕਿਸੇ ਵੀ ਨਾਗਰਿਕ ਦਾ ਆਪਣੇ ਦੇਸ਼ ਪ੍ਰਤੀ ਪਿਆਰ ਅਤੇ ਦੁਸ਼ਮਣ ਪ੍ਰਤੀ ਗੁੱਸਾ ਜਾਇਜ਼ ਹੁੰਦਾ ਹੈ।ਪਰ ਜਦੋਂ ਗੁੱਸੇ 'ਚ ਆ ਕੇ ਇਹ ਕਿਹਾ ਜਾਂਦਾ ਹੈ ਕਿ ਚੀਨ ਨੂੰ ਸਬਕ ਸਿਖਾਉਣ ਦੇ ਲਈ ਚੀਨੀ ਸਮਾਨ ਦਾ ਬਾਈਕਾਟ ਕੀਤਾ ਜਾਵੇਗਾ ਤਾਂ ਇਹ ਗੱਲ ਅਮਲੀ ਰੂਪ 'ਚ ਖ਼ਰੀ ਉੱਤਰਦੀ ਨਜਰ ਨਹੀਂ ਆਉਂਦੀ। ਚੀਨੀ ਸਮਾਨ ਸਾਡੇ ਬਜ਼ਾਰਾਂ ਅਤੇ ਘਰਾਂ 'ਚ ਐਨੀ ਕੁ ਘੁਸਪੈਠ ਕਰ ਚੁੱਕਿਆ ਹੈ ਕਿ ਤੁਸੀਂ ਚਾਹ ਕੇ ਵੀ ਚੀਨੀ ਸਮਾਨ ਤੋਂ ਗੁਰੇਜ਼ ਨਹੀਂ ਕਰ ਸਕਦੇ। ਤੁਸੀਂ ਆਪਣੇ ਚਾਰੇ ਪਾਸੇ ਨਜਰ ਘੁਮਾ ਕੇ ਦੇਖੋਂਗੇ ਤਾਂ ਤੁਹਾਨੂੰ ਇੱਕ-ਦੋ ਨਹੀਂ ਸਗੋਂ ਸੈਂਕੜੇ ਦੀ ਗਿਣਤੀ 'ਚ ਅਜਿਹੀਆਂ ਚੀਜ਼ਾਂ ਨਜਰ ਆਉਣਗੀਆਂ ਜੋ ਚੀਨ ਦੀਆਂ ਬਣੀਆਂ ਹਨ। ਮੀਡੀਆ ਰਿਪੋਰਟਾਂ ਦੇ ਮੁਤਾਬਿਕ ਮੌਜ਼ੂਦਾ ਸਮੇਂ 'ਚ ਭਾਰਤ ਵੱਲੋਂ ਲਗਭਗ 5 ▲25 ਲੱਖ ਕਰੋੜ ਯਾਨੀ 70 ਅਰਬ ਡਾਲਰ ਦਾ ਸਮਾਨ ਸਾਲਾਨਾ ਚੀਨ ਤੋਂ ਮੰਗਵਾਇਆ ਜਾਂਦਾ ਹੈ।

ਗਲਵਾਨ ਘਾਟੀ ਦੀ ਘਟਨਾ ਤੋਂ ਬਾਅਦ ਦੇਸ਼ 'ਚ ਨਵੇਂ ਸਿਰੇ ਤੋਂ ਚੀਨੀ ਸਮਾਨ ਦਾ ਬਾਈਕਾਟ ਕਰਨ ਦੀ ਜੰਗ ਸੋਸ਼ਲ ਮੀਡੀਆ 'ਚ ਛਿੜ ਚੁੱਕੀ ਹੈ। ਇਹ ਅਲੱਗ ਗੱਲ ਹੈ ਕਿ ਇਸ ਮੁੱਦੇ 'ਤੇ ਸਰਕਾਰ ਦੇ ਪੱਧਰ 'ਤੇ ਅਜਿਹਾ ਕਰਨਾ ਸੌਖਾ ਨਹੀਂ ਹੈ, ਕਿਉਂਕਿ ਭਾਰਤ ਵਿਸ਼ਵ ਵਪਾਰ ਸੰਗਠਨ ਦੇ ਕਾਇਦੇ -ਕਾਨੂੰਨਾਂ 'ਚ ਜਕੜਿਆ ਹੋਇਆ ਹੈ। ਇਸ ਦੇ ਬਾਵਜੂਦ ਭਾਰਤ ਸਰਕਾਰ ਨੇ ਚੀਨੀ ਬਾਈਕਾਟ ਦੀ ਸ਼ੁਰੂਆਤ ਕੀਤੀ ਹੈ। ਭਾਰਤੀ ਰੇਲਵੇ ਨੇ ਇਕ ਚੀਨੀ ਕੰਪਨੀ ਦਾ 471 ਕਰੋੜ ਰੁਪਏ ਦਾ ਠੇਕਾ ਰੱਦ ਕਰ ਦਿੱਤਾ ਹੈ। ਚੀਨੀ ਕੰਪਨੀ ਦਾ ਠੇਕਾ ਰੱਦ ਕਰਨ ਪਿੱਛੇ ਦਲੀਲ ਦਿੱਤੀ ਗਈ ਹੈ ਕਿ ਪਿਛਲੇ ਚਾਰ ਸਾਲਾਂ ਦੌਰਾਨ ਕੰਪਨੀ ਨੇ ਸਿਰਫ 20 ਫੀਸਦ ਕੰਮ ਕੀਤਾ ਹੈ। ਦੂਰਸੰਚਾਰ ਵਿਭਾਗ ਨੇ ਬੀਐਸਐਨਐਲ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਬੀਐਸਐਨਐਲ ਦੇ ਕਿਸੇ ਵੀ ਉਪਕਰਣ ਵਿਚ ਚੀਨੀ ਸਮਾਨ ਦੀ ਵਰਤੋਂ ਨਾ ਕੀਤੀ ਜਾਵੇ।

ਇਸੇ ਸਿਲਸਿਲੇ 'ਚ ਅੱਗੇ ਵਧਦੇ ਹੋਏ ਕੇਂਦਰੀ ਖਾਦ ਮੰਤਰੀ ਨੇ ਵੀ ਆਪਣੇ ਮਹਿਕਮੇ ਨੂੰ ਚੀਨੀ ਸਮਾਨ ਨਾ ਖਰੀਦਣ ਦੀਆਂ ਹਦਾਇਤਾਂ ਦਿੱਤੀਆਂ ਹਨ।ਸਰਕਾਰੀ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਿਕ ਦੇਸ਼ 'ਚ ਲੱਗੀਆਂ ਅਨੇਕਾਂ ਚੀਨੀ ਮਸ਼ੀਨਰੀਆਂ ਨੂੰ ਵੀ ਮੁਲਕ 'ਚੋਂ ਬਾਹਰ ਕੱਢਣ ਦੀ ਵਿਉ▲ਤਬੰਦੀ ਬਣਾਈ ਜਾ ਰਹੀ ਹੈ। ਹਾਲਾਂਕਿ ਇਸ ਦਿਸ਼ਾ 'ਚ ਕਿੰਨੀ ਸਫਲਤਾ ਹਾਸਲ ਹੋਵੇਗੀ, ਇਹ ਕਹਿਣਾ ਮੁਸ਼ਕਿਲ ਹੈ ਪਰ ਦੇਸ਼ ਦੀ ਜਨਤਾ ਲੰਮੇ ਸਮੇਂ ਤੋਂ ਇਹ ਕਹਿੰਦੀ ਆ ਰਹੀ ਸੀ ਕਿ ਉਨ੍ਹਾਂ ਤੋਂ ਤਾਂ ਸਵਦੇਸ਼ੀ ਚੀਜਾਂ ਅਪਣਾਉਣ ਦੀ ਉਮੀਦ ਕੀਤੀ ਜਾਂਦੀ ਸੀ ਪਰ ਸਰਕਾਰ ਵਿਸ਼ਵ ਵਪਾਰ ਸੰਗਠਨ ਦੇ ਨਾਲ ਸਮਝੌਤੇ ਦੇ ਪਰਦੇ 'ਚ ਖੁ▲ਦ ਚੀਨੀ ਸਮਾਨ ਨੂੰ ਦੇਸ਼ ਵਿਚ ਬਿਨਾਂ ਕਿਸੇ ਰੋਕਟੋਕ ਤੋ▲ ਧੜੱਲੇ ਨਾਲ ਮੰਗਵਾ ਰਹੀ ਸੀ। ਵੈਸੇ ਪਿਛਲੇ ਕੁਝ ਸਮੇਂ 'ਚ ਕੇਂਦਰ ਸਰਕਾਰ ਨੇ ਚੀਨ ਤੋਂ ਆਉਣ ਵਾਲੀਆਂ ਅਨੇਕਾਂ ਚੀਜ਼ਾਂ 'ਚ ਆਯਾਤ ਦਰਾਂ ਵਧਾ ਕੇ ਘਰੇਲੂ ਉ▲ਤਪਾਦਕਾਂ ਅਤੇ ਵਪਾਰੀਆਂ ਨੂੰ ਰਾਹਤ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ। ਪਰ ਪ੍ਰਧਾਨ ਮੰਤਰੀ ਵੱਲੋਂ ਜਦੋਂ ਤੋਂ ਸਵੈ-ਨਿਰਭਰਤਾ ਦਾ ਨਾਅਰਾ ਦਿੱਤਾ ਗਿਆ ਉਦੋਂ ਤੋਂ ਦੇਸ਼ ਇਹ ਉਮੀਦ ਕਰ ਰਿਹਾ ਸੀ ਕਿ ਜਨਤਾ ਦੇ ਨਾਲ ਹੀ ਸਰਕਾਰ ਵੀ ਇਸ ਦਿਸ਼ਾ 'ਚ ਪਹਿਲ ਕਰੇ। ਹਾਲਾਂਕਿ ਮੌਜ਼ੂਦਾ ਹਲਾਤਾਂ 'ਚ ਚੀਨ ਤੋਂ ਆਯਾਤ ਨੂੰ ਪੂਰੀ ਤਰ੍ਹਾਂ ਰੋਕ ਪਾਉਣਾ ਨਾ ਤਾਂ ਸੰਭਵ ਹੈ ਅਤੇ ਨਾ ਹੀ ਯਥਾਯੋਗ ਹੈ, ਪਰ ਸ਼ੁਰੂਆਤ ਤਾਂ ਕਰਨੀ ਹੀ ਹੋਵੇਗੀ।

ਹੁਣ ਸਵਾਲ ਇਹ ਹੈ ਕਿ ਜੇਕਰ ਚੀਨ ਸਾਡੇ ਬਜਾਰਾਂ 'ਚ ਐਨੇ ਡੂੰਘੇ ਪੈਰ ਪਸਾਰ ਚੁੱਕਿਆ ਹੈ ਤਾਂ ਅਸੀਂ ਕਿਸ ਅਧਾਰ 'ਤੇ ਚੀਨੀ ਸਮਾਨ ਦੇ ਬਾਈਕਾਟ ਦੀ ਗੱਲ ਕਰਦੇ ਹਾਂ।ਬੇਸ਼ੱਕ ਗੈਰ-ਜਰੂਰੀ ਸਮਾਨ ਦੀ ਸਪਲਾਈ ਭਾਰਤ ਸਰਕਾਰ ਅਤੇ ਬਜ਼ਾਰ ਇਕੋਦਮ ਰੋਕ ਸਕਦੇ ਹਨ,ਕਿਉਂਕਿ ਅਸੀਂ ਇਹਨਾਂ ਚੀਜਾਂ ਨੂੰ ਆਪਣੇ ਦੇਸ਼ 'ਚ ਅਸਾਨੀ ਨਾਲ ਬਣਾ ਸਕਦੇ ਹਾਂ, ਪਰ ਇਹ ਸੱਚ ਹੈ ਕਿ ਭਾਰਤ ਦੇ ਔਸਤਨ 70 ਫੀਸਦ ਉਦਯੋਗ ਚੀਨ ਦੇ ਸਹਾਰੇ ਹੀ ਚੱਲਦੇ ਹਨ।

ਦਵਾਈ ਕੰਪਨੀਆਂ ਦਾ 70 ਫੀਸਦ ਕੱਚਾ ਮਾਲ ਚੀਨ ਹੀ ਸਪਲਾਈ ਕਰਦਾ ਹੈ। ਦੇਸ਼ ਵਿਚ ਸਮਾਰਟਫੋਨ ਬਜ਼ਾਰ 2 ਲੱਖ ਕਰੋੜ ਰੁਪਏ ਦਾ ਹੈ, ਜਿਸ 'ਚ ਚੀਨ ਦੀ ਹਿੱਸੇਦਾਰੀ 72 ਫੀਸਦ ਹੈ। ਦੂਰਸੰਚਾਰ ਉਪਕਰਣਾਂ ਦਾ ਬਜਾਰ 12000 ਕਰੋੜ ਦਾ ਹੈ ਜਿਸ 'ਚ ਚੀਨ ਦੀ ਹਿੱਸੇਦਾਰੀ 25 ਫੀਸਦ ਹੈ। ਸਮਾਰਟ ਟੈਲੀਵੀਜ਼ਨ ਬਜ਼ਾਰ 'ਚ ਚੀਨੀ ਕੰਪਨੀਆਂ ਦੀ ਹਿੱਸੇਦਾਰੀ 42-45 ਫੀਸਦ ਅਤੇ ਗੈਰ ਸਮਾਰਟ ਟੈਲੀਵੀਜ਼ਨ ਮਾਰਕਿਟ 'ਚ 7 -9 ਫੀਸਦ ਹੈ। ਦੇਸ਼ 'ਚ ਬਿਜ਼ਲੀ ਦੇ ਘਰੇਲੂ ਸਾਜੋ ਸਮਾਨ ਦਾ ਬਜ਼ਾਰ 50 ਹਜ਼ਾਰ ਕਰੋੜ ਰੁਪਏ ਹੈ, ਜਿਸ 'ਚ ਚੀਨੀ ਹਿੱਸੇਦਾਰੀ 10 -12 ਫੀਸਦ ਹੈ। ਇਸ ਹਿੱਸੇ 'ਚ ਅਸੀਂ ਅਸਾਨੀ ਨਾਲ ਚੀਨੀ ਮਾਲ ਤੋਂ ਛੁਟਕਾਰਾ ਪਾ ਸਕਦੇ ਹਾਂ, ਪਰ ਜੇਕਰ ਕੋਈ ਵੱਡੀ ਚੀਨੀ ਕੰਪਨੀ ਇਸ ਸਸਤੇ ਸਮਾਨ ਦੇ ਨਾਲ ਬਜਾਰ 'ਚ ਆਉਂਦੀ ਹੈ ਤਾਂ ਫਿਰ ਬੇਹੱਦ ਮੁਸ਼ਕਿਲ ਹੋ ਜਾਵੇਗੀ।

ਦੇਸ਼ 'ਚ ਆਟੋਮੋਬਾਇਲ ਸਪੇਅਰ ਪਾਰਟਸ ਦਾ ਬਜ਼ਾਰ 4.27 ਲੱਖ ਕਰੋੜ ਰੁਪਏ ਦਾ ਹੈ, ਜਿਸ 'ਚ ਚੀਨੀ ਕੰਪਨੀਆਂ ਦੀ ਹਿੱਸੇਦਾਰੀ 26 ਫੀਸਦ ਹੈ। ਸੋ ਇਕੋਦਮ ਬਾਈਕਾਟ ਕਰਨਾ ਫਿਜ਼ੂਲ ਦੀ ਭਾਵੁਕਤਾ ਹੀ ਹੈ। ਪਿਛਲੇ ਸਾਲ ਭਾਰਤ -ਚੀਨ ਨੇ ਤਕਰੀਬਨ 92 ਅਰਬ ਡਾਲਰ ਦਾ ਆਪਸੀ ਕਾਰੋਬਾਰ ਕੀਤਾ ਹੈ। ਇਸ 'ਚ ਚੀਨ ਦੀ ਹਿੱਸੇਦਾਰੀ ਸਾਡੇ ਤੋਂ ਚਾਰ ਗੁਣਾ ਤੋਂ ਵੀ ਜਿਆਦਾ ਦੀ ਹੈ। ਸਵਾਲ ਇਹ ਵੀ ਹੈ ਕਿ ਚੀਨੀ ਸਮਾਨ ਦਾ ਹੋਰ ਕੋਈ ਬਦਲ ਵੀ ਸਾਡੇ ਕੋਲ ਮੌਜ਼ੂਦ ਨਹੀਂ ਹੈ। ਮੋਬਾਇਲ ਫੋਨ ਤੋਂ ਲੈਕੇ ਦਵਾਈਆਂ ਤੱਕ ਚੀਨ ਦਾ ਸਾਡੇ ਲਗਭਗ ਹਰ ਇਕ ਬਜ਼ਾਰ 'ਚ ਚੰਗਾ ਦਖ਼ਲ ਹੈ। ਅਜਿਹੇ 'ਚ ਚੀਨੀ ਸਮਾਨ ਦਾ ਬਾਈਕਾਟ ਕਰਨ ਦੇ ਨਾਅਰੇ ਦਾ ਦਾਅਵਾ ਹਵਾ-ਹਵਾਈ ਲੱਗਦਾ ਹੈ। ਦੇਸ਼ ਦੀ ਜਨਤਾ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਅਤੇ ਚੀਨ 'ਤੇ ਮਾਨਸਕ ਦਬਾਅ ਵਧਾਉਣ ਦੇ ਲਈ ਸਰਕਾਰ ਚੀਨ ਦੇ 371 ਉਤਪਾਦਾਂ 'ਤੇ ਰੋਕ ਲਾਉਣ ਦੀ ਪ੍ਰਕਿਰਿਆ 'ਚ ਤੇਜੀ ਲਿਆਉਣ 'ਤੇ ਵਿਚਾਰ ਕਰ ਰਹੀ ਹੈ। ਨਾਲ ਹੀ ਦੇਸ਼ ਦੇ ਸ਼ੇਅਰ ਬਜਾਰ 'ਚ ਚੀਨੀ ਕੰਪਨੀਆਂ ਦੀ ਹਿੱਸੇਦਾਰੀ 'ਤੇ ਪਾਬੰਦੀ ਲਗਾਈ ਜਾ ਸਕਦੀ ਹੈ। ਵੈਸੇ ਭਾਰਤ ਦੀਆਂ ਵਪਾਰਕ ਜੱਥੇਬੰਦੀਆਂ ਨੇ ਚੀਨ ਦੇ 3000 ਉਤਪਾਦਾ ਦਾ ਬਾਈਕਾਟ ਕਰਨਾ ਤੈਅ ਕੀਤਾ ਹੈ, ਪਰ ਇਹ ਸਭ ਇਕੋਦਮ ਸੰਭਵ ਨਹੀਂ ਹੈ।ਜੇਕਰ ਭਾਰਤ ਵਿਚੋਂ ਚੀਨ ਦਾ ਕਾਰੋਬਾਰ ਖ਼ਤਮ ਹੁੰਦਾ ਹੈ ਤਾਂ ਉਸ ਨੂੰ 5 ▲7 ਲੱਖ ਕਰੋੜ ਦਾ ਨੁਕਸਾਨ ਹੋ ਸਕਦਾ ਹੈ।

ਜ਼ਮੀਨੀ ਹਕੀਕਤ ਇਹ ਹੈ ਕਿ ਭਾਰਤ ਦਾ ਸਭ ਤੋਂ ਵੱਡਾ ਕਾਰੋਬਾਰੀ ਮਿੱਤਰ ਚੀਨ ਹੀ ਹੈ, ਪਰ ਇਸ ਸੰਦਰਭ 'ਚ ਚੀਨ ਦੇ ਲਈ ਭਾਰਤ 11ਵੀਂ ਥਾਂ 'ਤੇ ਹੈ।ਇਸ ਲਈ ਚੀਨੀ ਸਮਾਨ ਦਾ ਇਕੋਦਮ ਬਾਈਕਾਟ ਕਰਨ ਨਾਲ ਚੀਨ ਨੂੰ ਕੋਈ ਬਹੁਤ ਵੱਡਾ ਨੁਕਸਾਨ ਨਹੀ ਹੋਵੇਗਾ। ਭਾਰਤ ਚੀਨ ਸਰਹੱਦ ਤੇ ਦੋਹਾਂ ਦੇਸ਼ਾ ਦਰਮਿਆਨ ਤਲਖੀ ਵਧਣ ਦੇ ਕਾਰਨ ਆਮ ਲੋਕਾਂ ਵਿਚਕਾਰ ਚੀਨੀ ਸਮਾਨ ਦੇ ਬਾਈਕਾਟ ਦੀਆਂ ਬਹੁਤ ਗੱਲਾਂ ਭਖ ਰਹੀਆਂ ਹਨ। ਸੋਸ਼ਲ ਮੀਡੀਆ ਦੇ ਲਗਭਗ ਸਾਰੇ ਮੰਚ ਇਸ ਤਰ੍ਹਾਂ ਦੀਆਂ ਪੋਸਟਾਂ ਨਾਲ ਭਰੇ ਪਏ ਹਨ, ਪਰ ਸੱਚਾਈ ਇਸ ਤੋਂ ਕੁਝ ਅਲੱਗ ਹੈ। ਅਸਲੀ ਦੁਨੀਆਂ 'ਚ ਆਈਏ ਤਾਂ ਈ -ਕਾਮਰਸ ਸਾਈਟਾਂ ਅਤੇ ਸਾਡੇ ਆਲੇ -ਦੁਆਲੇ ਦੀਆਂ ਦੁਕਾਨਾਂ ਅਤੇ ਸ਼ਾਪਿੰਗ ਮਾਲਾਂ 'ਚ ਆਮ ਦਿਨਾਂ 'ਚ ਇਸਤੇਮਾਲ ਹੋਣ ਵਾਲੀਆਂ ਚੀਨੀ ਵਸਤਾਂ ਹਜੇ ਵੀ ਪਹਿਲਾਂ ਵਾਂਗ ਹੀ ਵਿਕ ਰਹੀਆਂ ਹਨ।

ਹ.ਫਤਾਵਾਰੀ ਪ੍ਰੀਤਨਾਮਾ
Weekly Preetnama www.preetnama.com
+1 (201) 312-4180



PRITPAL KAUR
Editor-In-Chief
+1 201-312-4180
+1 917-328-8436

ADVISORY BOARD

Joga Singh
******************************
Jaswinder Singh New Jersey
********************************
Mindi Manak
NewYork
********************************
Jagjit Singh Dasuya
*****************************
Gurmeet Singh Dhalwan
Chicago
*****************************
G. S Singh Punjab
*****************************
Sujan Nag, USA
*****************************
Dr. Jagdeep Dhimaan, India
*****************
Sarabjit Kaur Punjab
**********************
Sukhmandar Brar
(Bhagata Bhaika) Vancouver,

*****************************
Sunil Kumar Gund
(Journalist) India
*********************************
Raj Rani
Video editor
*************************************
Jagmeet Kaur
97817-41631
*****************************

Addressing these problems requires comprehensive and far-reaching reforms. First, merit-based standards should be mandated for the appointment of commission members. Clearly define the minimum age, maximum age, educational qualifications, administrative experience, and professional background. This change could be implemented through a constitutional amendment.

Second, a separate "Ministry of Personnel" should be established in the states, which could control human resource planning, requisition management, and recruitment calendars. This would help the commissions maintain regular examination schedules. This system would create stability and credibility, similar to the UPSC.

Third, the commissions' examination process needs to be fully digitized. Question paper creation, storage, encryption, sealing, digital evaluation, OMR scanning, and result generationóall must be secured by technology. This will reduce the possibility of paper leaks and also control human errors.

Fourth, the curriculum should be regularly modernized. It should be mandatory to review the curriculum by an expert committee every three years. Modern administration, science and technology, contemporary challenges, and new policies should be part of the curriculum, so that selected officers are competent in the current times.

Fifth, national-level experts should be involved in question paper development. The involvement of experts from other states, professors from central universities, and subject matter experts will enhance the quality, balance, and credibility of the question papers. Certified experts should also be used for translation to minimize errors.

Sixth, the evaluation process must be made transparent and scientific. Measures such as digital evaluation, two-tier moderation, uniform scoring guidelines, and automatic review of inconsistent scores will ensure fairness. Evaluators should also receive regular training.

Seventh, automated digital software should be developed for reservation calculations, with fixed algorithms that perform error-free calculations. This will significantly reduce disputes.

Eighth, a state-wide "Recruitment Calendar Act" should be implemented, setting maximum deadlines for preliminary exams, main exams, interviews, and results. The commission should also publish annual reports to ensure clear accountability to the public.

Ninth, the position of Secretary of the Commission should be given to a senior official with extensive experience in educational administration or examination management. This will further professionalize examination logistics, confidentiality, security, and evaluation systems.

Finally, an independent digital grievance portal should be created to address the grievances of the candidates, so that the candidates can register their problems in a transparent manner, track the status and get the solution within the stipulated time.

In conclusion, it can be said that the strength of the State Public Service Commissions is the foundation of India's administrative quality. If the commissions operate in a transparent, technology-enabled, politically-independent, and merit-based framework, they will not only restore the confidence of the youth but also provide competent, honest, and sensitive officers to the state administration. Without reforms, both the credibility of the commissions and the future of the country will remain in question.

Preetnama
Khara Sach
ਪ੍ਰੀਤਨਾਮਾ
ਖ਼ਰਾ ਸੱਚ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 331
Website: www.preetnama.com Email preetnamausa@gmail.com
05 DEC TO 11 DEC, 2025

# The Changing World Order and the Challenge of the G20: India's Emerging Global Role in the Amidst of Multipolarity

## India's emergence as the voice of the global South in the G20, grappling with geopolitical tensions, economic instability and a leadership crisis

The G-20 is the most influential forum for global economic coordination, but today it is beset by numerous challenges, including deep geopolitical divisions, great power competition, economic inequalities, and a leadership crisis. This has called into question both the group's relevance and efficacy. In these complex times, India has established itself as a strong voice for the global Southófrom ensuring African Union membership to proposing new models of inclusive development, peace-based diplomacy, and South-South cooperation. Yet, global power struggles limit India's influence and impact the G-20's efficiency.

World politics is currently undergoing profound changes. Mistrust among superpowers, regional wars, economic crises, the race for technological dominance, the growing threat of climate change, and the declining effectiveness of global institutions have destabilized the world order. In such a time, the G20, the most important forum for coordination among the world's major economies, finds itself facing unprecedented challenges. Growing doubts about the group's effectiveness arise not merely from its working mechanisms, but are a direct consequence of the changing global situation and the imbalances of multipolarity.

The G20's most serious challenge is the deepening geopolitical divisions. The ongoing war in Ukraine, instability in West Asia, conflicts in the Pacific, technological and economic competition among major countries, and increasing sanctions have weakened the group's consensus-building capabilities. Situations sometimes arise that make it difficult to even produce a common declaration. For example, the Johannesburg meeting only made a very general appeal for a "lasting and just peace," as member states' positions continued to clash. This situation demonstrates how difficult it has become to form a common voice on global issues.

The individual interests of superpowers




often override the collective interests of the group. This is undermining the fundamental spirit of shared responsibility, such as "Ubuntu"ómeaning "I am because we are." The withdrawal of some major countries from the summit, or their reluctance to participate in key discussions, undermines the group's credibility. This prevents the G20 from fulfilling the role it was created foróa collective and coordinated effort to address global problems.

ਪ੍ਰੀਤਨਾਮਾ
ਖਰਾ ਸੱਚ
-Priyanka Saurabh
(Mob.) 7015375570 (Talk + WhatsApp)

Additionally, economic inequality poses another significant challenge for the G20. The growing gap between developed and developing countries in income, technology, healthcare, skills, energy sources, and climate finance has impacted the balance within the group. The global debt crisis, growing economic pressure on developing countries, the threat of recession, and an uneven trade structure combine to create a landscape that makes it difficult to formulate common policies. At such times, the strong leadership and cooperation the group needs is often missing.

Amidst these complex circumstances, India has played a highly positive, inclusive, and balancing role in the G-20. India not only addressed the concerns and expectations of the Global South but also took concrete steps that have visible long-term impact. India's most significant achievement was securing permanent membership for the African Union in the G-20. This decision was not only historic but also fulfilled a longstanding demand of developing countries that have not been afforded equal representation in global decision-making. It also demonstrates India's commitment to making the global system more just and inclusive.

India has advanced several practical and scalable initiatives based on the real needs of developing countries. Digital public infrastructure models, healthcare systems, skills development, rural and agricultural innovation, fisheries management, preservation of traditional knowledge, cooperation in disaster management, and shared use of satellite dataó all of these initiatives are directly linked to the needs of developing countries. Initiatives like the "Africa Skills Enhancement Plan," in particular, open up opportunities for millions of young people.

India also highlighted important global security issues, particularly the nexus between terrorism and drugs. This issue had long been neglected in global discourse. India emphasized the need for strong and coordinated action against these issues. India also strengthened the collective voice of developing countries on issues such as a just energy transition, climate finance, sustainable development, equitable access to technology, and food security.

Although India's role has been highly influential, its limitations are clearly evident. Amidst the intense conflicts between the superpowers, India has been unable to unite all parties. It has been unable to prevent the absence of key countries, nor has it been able to ensure that all countries adopt a strong stance in the joint declaration. The lack of the expected strong condemnation of terrorism was disappointing for India. Similarly, many of India's development initiatives have not garnered equal interest and support from all countries, as each country has different priorities.

Even within the global South, divisions often emerge, undermining the overall agenda. India's diplomacy is certainly a balancing act, but its effectiveness is limited by the rigid and competitive stances of the great powers. Yet it is undeniable that today no other country in the Global South can play a role as comprehensive, balanced, credible, and visionary as India. India has revitalized the G20 platform, ensured due respect for the interests of the Global South, and redefined inclusivity in global governance. Ultimately, the G-20's future success will depend on reviving its members' sense of collectivism, mutual trust, and shared responsibility. If the group re-embraces the principle of "Ubuntu"óthat is, shared humanity and shared responsibilityóit can effectively address global challenges. India has laid a strong foundation in this direction, and its role could emerge even more decisively in the times to come.



# ਅਣਗਹਿਲੀ ਮਾਪਿਆਂ ਦੀ ਕਈ ਵਾਰ ਦਿੰਦੇ ਏ ਵੱਡੇ ਹਾਦਸਿਆਂ ਨੂੰ ਜਨਮ



ਪਰਮਜੀਤ ਕੌਰ ਸਿੱਧੂ

ਕਹਿੰਦੇ ਹਨ ਕਿ ਬੱਚੇ ਰੱਬ ਦਾ ਰੂਪ ਹੁੰਦੇ ਹਨ ਅਤੇ ਬੱਚੇ ਦਾ ਕਿਹਾ ਮਾਪੇ ਕਦੇ ਵੀ ਨਹੀਂ ਮੋੜਦੇ। ਮਾਪੇ ਆਪ ਭਾਵੇਂ ਭੁੱਖੇ ਰਹਿ ਲੈਣ, ਪਰ ਆਪਣੇ ਬੱਚੇ ਦੀ ਹਰ ਖ਼ੁਆਇਸ਼ ਨੂੰ ਪੂਰਾ ਕਰਨ ਵਿੱਚ ਕਸਰ ਨਹੀਂ ਛੱਡਦੇ। ਕਈ ਬੱਚੇ ਛੋਟੇ ਹੁੰਦੇ ਤੋਂ ਤਾਂ ਮਾਪਿਆਂ ਦੇ ਕਹਿਣੇ ਵਿੱਚ ਰਹਿੰਦੇ ਹਨ ਪਰ ਵੱਡੇ ਹੋ ਕੇ ਮਾਪਿਆਂ ਦੇ ਸਿਰ ਚੜ ਬੋਲਣ ਲੱਗ ਪੈਂਦੇ ਹਨ। ਇਸਦਾ ਇਹੀ ਕਾਰਨ ਹੁੰਦਾ ਹੈ ਕਿ ਮਾਪਿਆਂ ਦਾ ਹੱਦੋਂ ਵੱਧ ਕੀਤਾ ਬੱਚਿਆਂ ਦੇ ਨਾਲ ਪਿਆਰ। ਜ਼ਿਆਦਾ ਪਿਆਰ ਵੀ ਕਈ ਵਾਰ ਲੜਾਈ ਝਗੜਿਆਂ ਨੂੰ ਜਨਮ ਦੇ ਦਿੰਦਾ ਹੈ।

ਜਦੋਂ ਛੋਟੇ ਹੁੰਦੇ ਬੱਚੇ ਨੂੰ ਉਸਦੇ ਮਾਤਾ-ਪਿਤਾ ਕੰਟਰੋਲ ਵਿੱਚ ਰੱਖੇ ਤਾਂ ਉਕਤ ਬੱਚਾ ਕਦੇ ਵੀ ਅੱਗੇ ਜਾ ਕੇ ਗਲਤ ਕਦਮ ਨਹੀਂ ਚੁੱਕਦਾ। ਅੱਜ 21ਵੀਂ ਸਦੀ ਵਿੱਚ ਭਾਵੇਂ ਹੀ ਵਿਗਿਆਨ ਨੇ ਬਹੁਤ ਜ਼ਿਆਦਾ ਤਰੱਕੀ ਕਰ ਲਈ ਹੈ ਅਤੇ 2-4 ਸਾਲ ਦੇ ਜਵਾਕ ਵੀ ਆਪਣੇ ਮਾਪਿਆਂ ਨਾਲੋਂ ਵੱਧ ਮੋਬਾਈਲ ਫੋਨ ਅਤੇ ਲੈਪਟਾਪ ਦੀ ਵਰਤੋਂ ਕਰਨ ਲੱਗ ਪਏ ਹਨ, ਪਰ ਇਸਦਾ ਨੁਕਸਾਨ ਉਨ੍ਹਾਂ ਬੱਚਿਆਂ ਦਾ ਤਾਂ ਹੋ ਹੀ ਰਿਹਾ ਹੈ, ਨਾਲ ਹੀ ਮਾਪਿਆਂ ‘ਤੇ ਇੱਕ ਨਵਾਂ ਬੋਝ ਬਣਦਾ ਜਾ ਰਿਹਾ ਹੈ। ਕਿਉਂਕਿ ਬੱਚੇ ਮੋਬਾਈਲ ਫੋਨਾਂ ਅਤੇ ਲੈਪਟਾਪ ਦੇ ਵਿੱਚ ਵਿਅਸਤ ਹਨ।

ਜਦੋਂ ਬੱਚੇ ਵੱਡੇ ਹੋ ਜਾਂਦੇ ਹਨ ਤਾਂ ਬਚਪਨ ਦੀਆਂ ਆਦਤਾਂ ਨੂੰ ਉਹ ਬਦਲ ਨਹੀਂ ਪਾਉਂਦੇ। ਪਰ ਮਾਪਿਆਂ ਨੂੰ ਪਛਤਾਉਣਾ ਪੈਂਦਾ ਹੈ। ਦਰਅਸਲ, ਅੱਜ ਦੇ ਜ਼ਮਾਨੇ ਵਿੱਚ ਵੇਖਿਆ ਜਾਵੇ ਤਾਂ 2-4 ਸਾਲ ਦੇ ਜਵਾਕ ਨੂੰ ਫੋਨ ਅਤੇ ਲੈਪਟਾਪ ‘ਤੇ ਗੇਮਾਂ ਖੇਡਣ ਦਾ ਸ਼ੌਕ ਚੜ ਜਾਂਦਾ ਹੈ। ਮਾਪੇ ਵੀ ਆਖ਼ਦੇ ਹਨ ਕਿ ਚਲੋ ਸਾਡਾ ਬੱਚਾ ਸਾਨੂੰ ਤੰਗ ਨਹੀਂ ਕਰਦਾ ਅਤੇ ਮੋਬਾਈਲ ਫੋਨ ਆਦਿ ਵਿੱਚ ਰੁੱਝਿਆ ਹੋਇਆ ਹੈ। ਭਾਵੇਂ ਹੀ ਆਪਣੇ ਬੱਚੇ ਦੀਆਂ ਹਰਕਤਾਂ ਦੇ ਵੱਲ ਵੇਖ ਕੇ ਮਾਪੇ ਖੁਸ਼ ਹੁੰਦੇ ਹਨ, ਪਰ ਗੇਮਾਂ ਵਿੱਚ ਵੇਖਿਆ ਸਭ ਕੁਝ ਜਦੋਂ ਬੱਚਾ ਹਕੀਕਤ ਵਿੱਚ ਕਰਦਾ ਹੈ ਤਾਂ ਮਾਪਿਆਂ ਕੋਲ ਪਛਤਾਉਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੁੰਦਾ।

ਵੇਖਿਆ ਜਾਵੇ ਤਾਂ ਨਿੱਕੇ ਹੁੰਦਿਆਂ ਤੋਂ ਹੀ ਜੇਕਰ ਮਾਪੇ ਆਪਣੇ ਬੱਚਿਆਂ ਨੂੰ ਕਹਿਣੇ ਵਿੱਚ ਰੱਖਣ ਅਤੇ ਮੋਬਾਈਲ ਫੋਨ ਅਤੇ ਲੈਪਟਾਪ ਤੋਂ ਦੂਰ ਰੱਖ ਕੇ ਦੁਨਿਆਵੀ ਗੱਲਾਂ ਬਾਰੇ ਦੱਸਣ ਤਾਂ ਬੱਚਾ ਜ਼ਿਆਦਾ ਕੁਝ ਸਿੱਖ ਸਕਦਾ ਹੈ। ਸੋਸ਼ਲ ਮੀਡੀਆ ‘ਤੇ ਇਸ ਵੇਲੇ ਵਾਇਰਲ ਹੋ ਰਹੀਆਂ ਨਿੱਕੇ-ਨਿੱਕੇ ਬੱਚਿਆਂ ਦੀ ਵੀਡੀਓ ਨੂੰ ਵੇਖ ਕੇ ਭਾਵੇਂ ਹੀ ਅਸੀਂ ਖੁਸ਼ ਹੁੰਦੇ ਹਾਂ ਕਿ ਵੇਖੋ ਬੱਚੇ ਕਿੰਨਾ ਸੋਹਣਾ ਕੰਮ ਕਰ ਰਹੇ ਹਨ। ਵੇਖਿਆ ਜਾਵੇ ਤਾਂ ਉਕਤ ਬੱਚੇ ਭਾਵੇਂ ਹੀ ਆਪਣੇ ਹਿਸਾਬ ਨਾਲ ਠੀਕ ਕਰ ਰਹੇ ਹਨ, ਪਰ ਜੋ ਵੇਲਾ ਬੱਚਿਆਂ ਦੇ ਖੇਡਣ ਦਾ ਹੈ, ਉਸ ਵੇਲੇ ਮਾਪੇ ਬੱਚਿਆਂ ਨੂੰ ਲੈਪਟਾਪ ਅਤੇ ਫੋਨ ਫੜਾ ਦਿੰਦੇ ਹਨ। ਕੁੱਲ ਮਿਲਾ ਕੇ ਕਹਿ ਲਈਏ ਕਿ ਜਦੋਂ ਮਾਪੇ ਹੀ ਬੱਚਿਆਂ ਵੱਲ ਧਿਆਨ ਨਹੀਂ ਦਿੰਦੇ ਤਾਂ ਫਿਰ ਵੱਡੇ ਹਾਦਸੇ ਤਾਂ ਹੁੰਦੇ ਹੀ ਹਨ। ਦੋਸਤੋਂ, ਇਸ ਵੇਲੇ ਸੋਸ਼ਲ ਮੀਡੀਆ ‘ਤੇ ਇੱਕ ਵੀਡੀਓ ਵਾਇਰਲ ਹੋ ਰਹੀ ਹੈ, ਜਿਸਦੇ ਵਿੱਚ ਵਿਖਾਇਆ ਗਿਆ ਹੈ ਕਿ ਇੱਕ ਬੱਚਾ ਆਪਣੇ ਪਿਤਾ ਦੀ ਕਾਰ ਦੇ ਟਾਇਰਾਂ ਦੇ ‘ਨੱਟ ਬੋਲਟ’ ਕੱਸ ਰਿਹਾ ਹੈ ਜਾਂ ਫਿਰ ਢਿੱਲਾ ਕਰ ਰਿਹਾ ਹੈ ਅਤੇ ਮਾਪੇ ਕੋਲ ਖੜ੍ਹੇ ਤਮਾਸ਼ਾ ਵੇਖ ਰਹੇ ਹਨ ਅਤੇ ਕਹਿ ਰਹੇ ਹਨ ਕਿ ਵੇਖੋ ਆਪਣਾ ਬੱਚਾ ਕਿੰਨੇ ਸੋਹਣੇ ਹੱਥਾਂ ਨਾਲ ਕੰਮ ਕਰਨ ਲੱਗ ਪਿਆ ਹੈ। ਪਰ ਵੇਖਿਆ ਜਾਵੇ ਤਾਂ ਕਈ ਵਾਰ ਬੱਚੇ ਦੀ ਨਿੱਕੀ ਜਿਹੀ ਗਲਤੀ ਹੀ ਵੱਡੇ ਹਾਦਸੇ ਦਾ ਕਾਰਨ ਬਣ ਜਾਂਦੀ ਹੈ। ਕਈ ਵਾਰ ਮਾਪੇ ਇਸ ਵੱਲ ਧਿਆਨ ਨਹੀਂ ਦਿੰਦੇ ਕਿ ਉਨ੍ਹਾਂ ਦੇ ਬੱਚੇ ਨੇ ਗੱਡੀ ਦੇ ਟਾਇਰ ਆਦਿ ਦੇ ਨੱਟ ਬੋਲਟ ਖੋਲ੍ਹ ਦਿੱਤੇ ਹਨ ਅਤੇ ਮਾਪੇ ਉਸੇ ਤਰ੍ਹਾਂ ਹੀ ਗੱਡੀ ਨੂੰ ਘਰ ਤੋਂ ਬਾਹਰ ਲੈ ਜਾਂਦੇ ਹਨ, ਜਿੱਥੇ ਰਸਤੇ ਵਿੱਚ ਕੋਈ ਵੱਡਾ ਹਾਦਸਾ ਵਾਪਰ ਜਾਂਦਾ ਹੈ। ਭਾਵੇਂ ਹੀ ਉਸ ਵੇਲੇ ਕਈ ਲੋਕਾਂ ਦੇ ਮੂੰਹ ਵਿੱਚੋਂ ਅਵਾਜ਼ ਨਿਕਲਦੀ ਹੈ ਕਿ “ਚਲੋ ਰੱਬ ਨੂੰ ਜਿਵੇਂ ਚੰਗਾ ਸੀ, ਕਰ ਦਿੱਤਾ“ ਪਰ ਵੇਖਿਆ ਜਾਵੇ ਤਾਂ ਉੱਥੇ ਰੱਬ ਕੀ ਕਰੇ ? ਜਿੱਥੇ ਮਾਪਿਆਂ ਦੇ ਰੱਬ ਵਰਗੇ ਬੱਚੇ ਨੇ ਇੱਕ ਵੱਡੀ ਗਲਤੀ ਕੀਤੀ ਹੋਵੇ। ਦੋਸਤੋਂ, ਤੁਹਾਨੂੰ ਦੱਸ ਦਈਏ ਕਿ ਕੁਝ ਸਮਾਂ ਪਹਿਲੋਂ ਜ਼ਿਲ੍ਹਾ ਮੋਗਾ ਦੇ ਬਾਘਾ ਪੁਰਾਣਾ ਦੇ ਕੋਲ ਇੱਕ ਸੜਕ ਹਾਦਸਾ ਵਾਪਰਿਆ ਸੀ।

ਉਕਤ ਸੜਕ ਹਾਦਸੇ ਵਿੱਚ ਇੱਕੋਂ ਪਰਿਵਾਰ ਦੇ ਕਈ ਜੀਅ ਜ਼ਖਮੀ ਹੋ ਗਏ ਸਨ ਅਤੇ ਜਦੋਂ ਉਕਤ ਘਟਨਾ ਦੇ ਬਾਰੇ ਵਿੱਚ ਪੂਰਾ ਪਤਾ ਲਗਾਇਆ ਗਿਆ ਤਾਂ ਪਤਾ ਲੱਗਿਆ ਕਿ ਜਿਨ੍ਹਾਂ ਦੀ ਗੱਡੀ ਦਾ ਐਕਸੀਡੈਂਟ ਹੋਇਆ, ਉਨ੍ਹਾਂ ਦੇ ਘਰ ਇੱਕ 3 ਸਾਲ ਦਾ ਜਵਾਕ ਸੀ, ਜਿਸ ਨੇ ਗੱਡੀ ਦੇ ਨਟ ਬੋਲਟ ਢਿੱਲੇ ਕਰ ਦਿੱਤੇ ਅਤੇ ਰਸਤੇ ਵਿੱਚ ਗੱਡੀ ਹਾਦਸਾਗ੍ਰਸਤ ਹੋ ਗਈ। ਭਾਵੇਂ ਹੀ ਉਕਤ ਹਾਦਸੇ ਵਿੱਚ ਕਿਸੇ ਦੀ ਜਾਨ ਨਹੀਂ ਗਈ, ਪਰ ਬੱਚੇ ਦੀ ਛੋਟੀ ਜਿਹੀ ਗਲਤੀ ਨੇ ਸਾਰੇ ਪਰਿਵਾਰ ਨੂੰ ਲੈ ਬੈਠਣਾ ਸੀ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਵੱਲ ਧਿਆਨ ਦੇਣ ਅਤੇ ਉਨ੍ਹਾਂ ਨੂੰ ਮੋਬਾਈਲ ਫੋਨ ਤੋਂ ਇਲਾਵਾ ਗੱਡੀ ਕਾਰ ਤੋਂ ਦੂਰ ਹੀ ਰੱਖਣ ਤਾਂ ਜੋ ਹਾਦਸਿਆਂ ਤੋਂ ਬਚਿਆ ਜਾ ਸਕੇ।

# “ਜਲ ਕਾ ਜਾਮਾ ਪਹਿਣ ਕੇ ਤਨ ਕੀ ਗਈ ਬਲਾ....”





ਜਸਵੀਰ ਸ਼ਰਮਾਂ ਦੱਦਾਹੂਰ
95691 49556
ਸ਼੍ਰੀ ਮੁਕਤਸਰ ਸਾਹਿਬ

ਪਾਣੀ ਅਮ੍ਰਿਤ ਹੈ, ਇਸ ਨੂੰ ਗੁਰੂ ਸਾਹਿਬਾਨਾਂ ਨੇ ਵੀ ਬਾਣੀ ਦੇ ਵਿੱਚ ਖੋਲ੍ਹ ਕੇ ਵਖਿਆਨ ਕੀਤਾ ਹੈ“ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ“ ਜਿਸ ਦੇ ਭਾਵ ਅਰਥ ਵੀ ਹਰ ਗੁਰਸਿੱਖ ਕੀ ਬਲਕਿ ਹਰ ਪ੍ਰਾਣੀ ਬਹੁਤ ਚੰਗੀ ਤਰ੍ਹਾਂ ਸਮਝਣ ਵਿੱਚ ਸਮਰੱਥ ਹਨ।ਪਰ ਕੀ ਅਸੀਂ ਇਸ ਤੇ ਕਦੇ ਜੀਅ ਜਾਣ ਨਾਲ ਅਮਲ ਵੀ ਕੀਤਾ ਹੈ ? ਇਸਦਾ ਉੱਤਰ ਹਰ ਜੀਵ ਨੂੰ ਆਪਣਾ ਆਪ ਖਗੋਲਣ ਤੇ ਸਹਿਜੇ ਹੀ ਮਿਲ ਜਾਵੇਗਾ।ਸੋ ਦੋਸਤੋ ਇਸ ਉਪਰੋਕਤ ਤੱਥ ਨੂੰ ਹੀ ਸਮਝਣ ਘੋਖਣ ਤੇ ਗੌਰ ਕਰਨ ਦੀ ਅਜੋਕੇ ਸਮੇਂ ਵਿਚ ਅਤਿਅੰਤ ਲੋੜ ਹੈ।

ਕੋਈ ਸਮਾਂ ਸੀ ਕਿ ਪੁਰਾਤਨ ਪੰਜਾਬ ਵਿੱਚ ਵੀਹ ਜਾਂ ਤੀਹ ਫੁੱਟ ਤੇ ਹੀ ਧਰਤੀ ਦੇ ਹੇਠ ਵਧੀਆ ਤੇ ਪੀਣ ਯੋਗ ਪਾਣੀ ਮਿਲ ਜਾਇਆ ਕਰਦਾ ਸੀ। ਜੇਕਰ ਵੀਹ ਕੁ ਵਰ੍ਹੇ ਹੀ ਪਿਛੋਕੜ ਤੇ ਝਾਤੀ ਮਾਰੀਏ ਤਾਂ ਇਸ ਤੋਂ ਵੀ ਬਹੁਤ ਸਾਰੇ ਦੋਸਤ ਮਿੱਤਰ ਵਾਕਿਫ਼ ਹੋਣਗੇ ਕਿ ਪੰਜਾਬ ਦੇ ਬਹੁਤ ਸਾਰੇ ਖਿੱਤਿਆਂ ਵਿੱਚ ਸੇਮ ਦਾ ਪ੍ਰਭਾਵ ਰਿਹਾ ਹੈ ਮਤਲਬ ਦੋ ਫੁੱਟ ਟੋਆ ਪੁੱਟੋ ਤੇ ਪਾਣੀ ਆ ਜਾਂਦਾ ਸੀ। ਬਹੁਤ ਸਾਰੀਆਂ ਫ਼ਸਲਾਂ ਇਨ੍ਹਾਂ ਸੇਮ ਦੇ ਪ੍ਰਭਾਵ ਨਾਲ ਮਰ ਜਾਇਆ ਭਾਵ ਖਤਮ ਹੋ ਜਾਂਦੀਆਂ ਸਨ। ਸੜਕਾਂ ਬੈਠ ਜਾਂਦੀਆਂ ਸਨ ਤੇ ਸਰਕਾਰਾਂ ਨੂੰ ਇਸ ਸੱਭ ਖਾਤਰ ਦੋਹਰੇ ਤੀਹਰੇ ਖਰਚੇ ਵੀ ਕਰਨੇ ਪੈਂਦੇ ਸਨ, ਜ਼ਿਮੀਂਦਾਰ ਭਾਈਚਾਰੇ ਨੂੰ ਬਹੁਤ ਚੰਗੀ ਤਰ੍ਹਾਂ ਮਾਲੂਮ ਹੈ ਕਿ ਸੇਮ ਮਾਰੀਆਂ ਫਸਲਾਂ ਦਾ ਥੋੜ੍ਹਾ ਬਹੁਤਾ ਮੁਆਵਜ਼ਾ ਵੀ ਸਮੇਂ ਦੀਆਂ ਸਰਕਾਰਾਂ ਦਿੰਦੀਆਂ ਰਹੀਆਂ ਹਨ ਬੇਸ਼ੱਕ ਓਹ ਕਾਫੀ ਨਹੀਂ ਸਨ ਪਰ ਇਹ ਗੱਲਾਂ ਹਕੀਕੀ ਨੇ।

ਪਰ ਅਜੋਕੇ ਹਾਲਾਤਾਂ ਵਿੱਚ ਸਭ ਕੁੱਝ ਹੀ ਉਲਟ ਹੋਇਆ ਪਿਆ ਹੈ।ਪੰਜ ਦਰਿਆਵਾਂ ਦੀ ਧਰਤੀ ਤੇ ਪਾਣੀ ਦੇ ਲਾਲੇ ਪੈਣ ਦਾ ਡਰ ਤਲਵਾਰ ਬਣ ਕੇ ਸਾਡੇ ਸਿਰ ਤੇ ਮੰਡਰਾ ਰਿਹਾ ਹੈ,ਕੀ ਅਸੀਂ ਇਸ ਨੂੰ ਕਦੇ ਗੰਭੀਰਤਾ ਨਾਲ ਲਿਆ ਹੈ ?ਸਾਂਝੇ ਥਾਵਾਂ ਤੇ ਲੱਗੀਆਂ ਟੂਟੀਆਂ ਪਹਿਲੀ ਗੱਲ ਤਾਂ ਉਨ੍ਹਾਂ ਨੂੰ ਅਜੋਕੇ ਦੌਰ ਵਿੱਚ ਚੋਰ ਉਚੱਕੇ ਹੀ ਨਹੀਂ ਛਡਦੇ ਤੇ ਜੇਕਰ ਕੋਈ ਇਕ ਅੱਧੀ ਹੁੰਦੀ ਹੈ ਤਾਂ ਓਹਦੇ ਵਿਚੋਂ ਲਗਾਤਾਰ ਪਾਣੀ ਚੱਲ ਰਿਹਾ ਹੁੰਦਾ ਹੈ ਕਦੇ ਕੋਈ ਬੰਦ ਕਰਨ ਦੀ ਖੇਚਲ ਹੀ ਨਹੀਂ ਕਰਦਾ, ਬਿਨਾਂ ਮਤਲਬ ਤੋਂ ਪਾਣੀ ਨਜਾਇਜ਼ ਵਰਤੀ ਜਾਣਾ ਡੋਲ੍ਹੀ ਜਾਣ ਨੂੰ ਅਸੀਂ ਅਪਣਾ ਹੱਕ ਸਮਝਣ ਲੱਗ ਪਏ ਹਾਂ। ਜੇਕਰ ਕਿਸੇ ਨੂੰ ਕੋਈ ਕਹਿੰਦਾ ਵੀ ਹੈ ਕਿ ਪਾਣੀ ਸੰਜਮ ਨਾਲ ਵਰਤੋਂ ਕਰੋ ਤਾਂ ਲੜਾਈ ਗਲ ਪੈ ਜਾਂਦੀ ਹੈ। ਵੱਡੇ ਵੱਡੇ ਚੰਡੀਗੜ੍ਹ ਪੰਚਕੂਲਾ ਵਰਗੇ ਸ਼ਹਿਰਾਂ ਵਿੱਚ ਤਾਂ ਹੁਣ ਭਾਰੀ ਜ਼ੁਰਮਾਨੇ ਲੱਗਣ ਦੀਆਂ ਖਬਰਾਂ ਵੀ ਅਖ਼ਬਾਰਾਂ ਵਿੱਚ ਲੱਗ ਰਹੀਆਂ ਹਨ।ਕਹਿਣ ਦਾ ਮਤਲਬ ਕਿ ਆਉਣ ਵਾਲੀਆਂ ਪੀੜ੍ਹੀਆਂ ਜੀਵ ਜੰਤੂਆਂ ਪਸ਼ੂਆਂ ਲਈ ਸਾਨੂੰ ਅੱਜ ਤੋਂ ਹੀ ਪਾਣੀ ਨੂੰ ਬਚਾਉਣ ਦੇ ਉਪਰਾਲੇ ਸ਼ੁਰੂ ਕਰਨੇ ਪੈਣਗੇ।ਪੰਜ ਦਰਿਆਵਾਂ ਦਾ ਪੰਜਾਬ ਸੁੰਗੜ ਕੇ ਢਾਈ ਤੇ ਹੁਣ ਸਿਰਫ਼ ਦੋ ਨਹਿਰਾਂ ਤੇ ਹੀ ਨਿਰਭਰ ਹੋ ਗਿਆ ਹੈ। ਧਰਤੀ ਦੇ ਥੱਲੇ ਵਾਲਾ ਪਾਣੀ ਤਿੰਨ ਸੌ ਜਾਂ ਚਾਰ ਸੌ ਫੁੱਟ ਤੇ ਲੱਭਦਾ ਹੈ ਤੇ ਓਹ ਵੀ ਪੀਣ ਯੋਗ ਨਹੀਂ ਹੈ,ਜੋ ਪਹਿਲਾਂ ਦੇ ਨਲਕੇ ਲੱਗੇ ਹੋਏ ਨੇ ਓਹ ਬੈਕ ਮਾਰਕੇ ਸਾਡੇ ਦੰਦ ਤੋੜਦੇ ਹਨ ਭਾਵ ਉਨ੍ਹਾਂ ਦੇ ਥੱਲੇ ਪਾਣੀ ਹੈ ਹੀ ਨਹੀਂ। ਦਰਿਆਵਾਂ ਨਹਿਰਾਂ ਵਿੱਚ ਅਸੀਂ ਆਪਣਾ ਤੇ ਆਪਣੇ ਪਸ਼ੂਆਂ ਦਾ ਮਲਮੂਤਰ ਸੁੱਟ ਰਹੇ ਹਾਂ ਜਿਨ੍ਹਾਂ ਨੂੰ ਸਾਡੀਆਂ ਸਮਾਜ ਸੇਵੀ ਜਥੇਬੰਦੀਆਂ ਨੇ ਗੰਭੀਰਤਾ ਨਾਲ ਲਿਆ ਹੈ ਜਗ੍ਹਾ ਜਗ੍ਹਾ ਧਰਨੇ ਲਾ ਕੇ ਸਰਕਾਰਾਂ ਤੱਕ ਪਹੁੰਚ ਬਣਾ ਕੇ ਲੋਕਾਂ ਨੂੰ ਜਾਗਰੂਕ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ।

ਜੇਕਰ ਪੁਰਾਤਨ ਪੰਜਾਬ ਵੱਲ ਝਾਤ ਮਾਰੀਏ ਤਾਂ ਬੇਸ਼ੱਕ ਘਰ ਵੀ ਕੱਚੇ ਸਨ ਓਸ ਸਮੇਂ ਸਾਡੇ ਪੁਰਖਿਆਂ ਦਾ ਰਹਿਣ-ਸਹਿਣ ਸਾਡੇ ਅਜੋਕੇ ਹਾਲਾਤ ਤੋਂ ਬਿਲਕੁਲ ਭਿੰਨ ਰਿਹਾ ਹੈ,ਪਰ ਜਦੋਂ ਸਾਡੇ ਪੁਰਖੇ ਨਹਾਉਂਦੇ ਹੁੰਦੇ ਸਨ ਤਾਂ ਇਹ ਸ਼ਬਦ ਉਨ੍ਹਾਂ ਦੇ ਮੂੰਹੋਂ ਜ਼ਰੂਰ ਨਿਕਲਦੇ ਸਨ“ਜਲ ਕਾ ਜਾਮਾ ਪਹਿਣ ਕੇ ਤਨ ਕੀ ਗ ?ੀ ਬਲਾ
,
ਜਲ ਮਿਲਿਆ ਪ੍ਰਮੇਸ਼ਰ ਮਿਲਿਆ,
ਮਾਲਿਕਾ ਸਖੀ ਕੋਈ ਮਿਲਾ।

ਇਸ ਤੋਂ ਹਰ ਵਿਅਕਤੀ ਸਮਝ ਸਕਦਾ ਹੈ ਕਿ ਓਹਨਾਂ ਸਮਿਆਂ ਵਿੱਚ ਪਾਣੀ ਨੂੰ ਸੱਚੀਂ ਮੁੱਚੀਂ ਗੁਰੂ ਦਾ ਦਰਜਾ ਦਿੰਦੇ ਰਹੇ ਹਨ ਸਾਡੇ ਪੁਰਖੇ।

ਫਿਰ ਉਨ੍ਹਾਂ ਨੇ ਆਪਣੇ ਇਸ਼ਟ ਨੂੰ ਯਾਦ ਕਰਦਿਆਂ ਕਹਿਣਾ“ ਭਲੇ ਦੇ ਮੱਥੇ ਲਾਈਂ ਮਾਲਿਕਾ।
ਸਖੀ ਦਾ ਮੂੰਹ ਵਿਖਾਈਂ ਮਾਲਿਕਾ।

ਇਸ ਗੱਲ ਤੋਂ ਵੀ ਚੰਗੀ ਤਰ੍ਹਾਂ ਪਤਾ ਲੱਗਦਾ ਹੈ ਓਸ ਸਮਿਆਂ ਦਾ ਤੇ ਉਨ੍ਹਾਂ ਦੇ ਰਹਿਣ-ਸਹਿਣ ਅਤੇ ਸੁਭਾਅ ਦਾ ਵੀ।

ਆਪਣੇ ਇਸ਼ਟ ਨੂੰ ਯਾਦ ਕਰਦਿਆਂ ਸਾਡੇ ਸਤਿਕਾਰਤ ਪੁਰਾਣੇ ਬਜ਼ੁਰਗਾਂ ਨੇ ਕਹਿਣਾ ਕਿ
“ ਦਿਨ ਚੜ੍ਹਿਆ ਹੈ ਭਾਗੀਂ ਭਰਿਆ,
ਤੇਰਾ ਸ਼ੁਕਰ ਮਨਾਵਾਂ।
ਮਿਹਰ ਕਰੇਂ ਜੇ ਸਤਿਗੁਰੂ ਮੇਰੇ,
ਦਰਸ਼ਨ ਤੇਰੇ ਪਾਵਾਂ।

ਭਾਵ ਅਰਥ ਓਹ ਸਮੇਂ ਹੀ ਪੰਜਾਬ ਤੇ ਐਸੇ ਰਹੇ ਨੇ, ਪਾਣੀ ਨੂੰ ਸੱਚਮੁੱਚ ਗੁਰੂ ਦਾ ਦਰਜਾ ਦੇਣਾ ਹਾਲਾਂਕਿ ਓਦੋਂ ਪਾਣੀ ਦੀ ਕੋਈ ਥੋੜ ਵਾਲੀ ਗੱਲ ਵੀ ਨਹੀਂ ਸੀ।ਪਰ ਫਿਰ ਵੀ ਜਿਵੇਂ ਸਾਡੇ ਪੁਰਖਿਆਂ ਨੂੰ ਆਉਣ ਵਾਲੇ ਸਮਿਆਂ ਦਾ ਇਲਮ ਸੀ। ਦੋਸਤੋ ਇਹ ਗੱਲਾਂ ਬਿਲਕੁਲ ਬਣਾਉਟੀ ਨਹੀਂ ਸਗੋਂ ਸਾਰੀਆਂ ਦਾਸ ਨੇ ਆਪਣੇ ਕੰਨਾਂ ਨਾਲ ਸੁਣੀਆਂ ਤੇ ਅੱਖਾ ਨਾਲ ਵੇਖੀਆਂ ਦਾ ਹਵਾਲਾ ਦਿੱਤਾ ਹੈ।

ਸੋ ਦੋਸਤੋ ਮੁੱਕਦੀ ਗੱਲ ਕਿ ਜੇਕਰ ਅਸੀਂ ਅੱਜ ਤੋਂ ਹੀ ਪਾਣੀ ਹਵਾ ਤੇ ਆਪਣੇ ਚੌਗਿਰਦੇ ਭਾਵ ਰੁੱਖਾਂ ਦੀ ਰਾਖੀ ਨਾ ਕੀਤੀ ਤਾਂ ਸਾਨੂੰ ਸਾਡੇ ਇਸ਼ਟ ਨੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੇ ਸਾਨੂੰ ਕਦੇ ਮੁਆਫ਼ ਨਹੀਂ ਕਰਨਾ।ਆਓ ਅੱਜ ਤੋਂ ਹੀ ਇਹ ਤੁਹੱਈਆ ਕਰੀਏ ਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਮੁਸ਼ਕਲ ਨਾਲ ਜੂਝਣ ਤੋਂ ਛੁਟਕਾਰਾ ਦਿਵਾਈਏ।



# ਪੇਕੇ ਘਰ ਦੀ ਸ਼ਾਨ ਭਾਬੀ

**ਪੇਕੇ ਜਾ ਕੇ ਰੋਹਬ ਪਾਉਣ ਦੀ ਬਜਾਇ ਭਾਬੀ ਨਾਲ ਘਰ ਤੇ ਰਸੋਈ ਦੇ ਕੰਮ-ਕਾਰ ਵਿਚ ਮਦਦ ਕਰੋ। ਕਹਿੰਦੇ ਹਨ ਭਰਜਾਈਆਂ ਤੋਂ ਪਾਣੀ ਮੰਗੋ ਤਾਂ ਦੁੱਧ ਦਿੰਦੀਆਂ ਹਨ।ਤੁਸੀਂ ਓਹਨਾਂ ਨੂੰ ਪਿਆਰ ਵੰਡੋਗੇ ਤਾਂ ਉਹ ਵਿਆਜ ਸਮੇਤ ਦੁੱਗਣਾ ਕਰ ਕੇ ਮੋੜਦੀਆਂ ਹਨ।ਉਸ ਨੂੰ ਪੇਕੇ ਘਰ ਦਾ ਤਾਜ ਬਣਾ ਕੇ ਰੱਖੋ।ਪੇਕੇ ਘਰ ਜਾਂਦੇ ਵੇਲੇ ਉਸ ਲਈ ਛੋਟੇ ਮੋਟੇ ਤੋਹਫ਼ੇ ਜ਼ਰੂਰ ਲੈ ਕੇ ਜਾਓ ਤੇ ਤਰੀਫ਼ ਦੇ ਦੋ ਮਿੱਠੜੇ ਬੋਲਾਂ ਨਾਲ ਉਸ ਨੂੰ ਖੁਸ਼ ਕਰਦੇ ਰਹੋ।ਭਾਬੀ ਹੀ ਹੈ ਜਿਸ ਨਾਲ ਪੇਕੇ ਘਰ ਦੇ ਦਰਵਾਜ਼ੇ ਤੁਹਾਡੇ ਲਈ ਹਮੇਸ਼ਾ ਖੁਲ੍ਹੇ ਰਹਿੰਦੇ ਹਨ।**



**ਪੇਕੇ ਘਰ ਦੀ ਸ਼ਾਨ ਹੁੰਦੀ ਹੈ ਭਾਬੀ**
**ਹੰਸਾਂ ਨੇ ਤਾਂ ਮੋਤੀ ਚੁਗਣੇ ,ਹਿਰਨਾਂ ਬਾਗੀਂ ਚਰਨਾਂ.....**
**ਨੀ ਨਣਦੇ ਭਾਬੀ ਬਿਨਾਂ ,ਭਾਬੀ ਬਿਨਾਂ ਨੀ ਸਰਨਾ....**

ਇਕ ਛੋਟੀ ਜਿਹੀ ਬੋਲੀ ਹੀ ਭਾਬੀ ਦੀ ਮਹੱਤਤਾ ਨੂੰ ਦਰਸਾ ਰਹੀ ਹੈ।ਆਮ ਧਾਰਨਾ ਹੈ ਕਿ ਮਾਪਿਆਂ ਨਾਲ ਹੀ ਪੇਕਾ ਘਰ ਹੱਸਦਾ ਵਸਦਾ ਹੈ ਤੇ ਮਾਂ ਬਾਪ ਨਾਲ ਹੀ ਪੇਕੇ ,ਪੇਕੇ ਸਮਝੇ ਜਾਂਦੇ ਹਨ ਪ੍ਰੰਤੂ ਇਸ ਗਲ ਵਿਚ ਬਹੁਤਾ ਦਮ ਨਹੀਂ ਹੈ।ਗੌਰ ਨਾਲ ਝਾਤ ਮਾਰੀਏ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਜਦੋਂ ਧੀ ਵਿਆਹੀ ਜਾਂਦੀ ਹੈ ਤੇ ਘਰ ਵਿਚ ਇਕ ਨੂੰਹ ਆਉਂਦੀ ਹੈ,ਉਦੋਂ ਤੋਂ ਹੀ ਉਹ ਘਰ ਦੀ ਰਾਣੀ ਬਣ ਜਾਂਦੀ ਹੈ। ਘਰ ਦੇ ਨਿੱਕ- ਸੁੱਕ ਕੰਮਾਂ ਤੋਂ ਲੈ ਕੇ ਵੱਡੇ ਤੋਂ ਵੱਡੇ ਫ਼ੈਸਲੇ ਉਸਦੀ ਸਾਂਝ ਨਾਲ ਨਿਬੜਦੇ ਹਨ।ਘਰ ਦੀ ਦੇਖ ਰੇਖ ਤੋਂ ਲੈ ਕੇ ਸਿਆਣਿਆਂ ਤੇ ਬੱਚਿਆਂ ਦੀ ਹਰ ਲੋੜ ਨੂੰ ਪੂਰਾ ਕਰਨ ਲਈ ਸਵੇਰ ਤੋਂ ਸ਼ਾਮ ਤਕ ਉਹ ਨੱਠਦੀ-ਭੱਜਦੀ ਹੈ ਤੇ ਘਰ ਨੂੰ ਸਵਰਗ ਜਿਹਾ ਬਣਾਉਂਦੀ ਹੈ।

ਹੁਣ ਪ੍ਰਸ਼ਨ ਇਹ ਉੱਠਦਾ ਹੈ ਕਿ ਪੇਕੇ ਘਰ ਨੂੰ ਸੰਭਾਲਣ ਵਾਲੀ ਇਸ ਭਾਬੀ ਨਾਲ ਵੀ ਕਿਉਂ ਨਹੀਂ ਸਮਝੇ ਜਾਂਦੇ ਪੇਕੇ ? ਰੱਬ ਹਰ ਬਜ਼ੁਰਗ ਮਾਂ-ਬਾਪ ਦੀ ਉਮਰ ਲੰਬੀ ਕਰੇ ।ਵੀਰ ਤੇ ਭਾਬੀ ਵਿਚ ਇਹਨਾਂ ਮਾਪਿਆਂ ਦੀ ਝਲਕ ਦੇਖਦੇ ਰਹਿਣਾ ਹੀ ਸਿਆਣਪ ਹੁੰਦੀ ਹੈ।ਹਰ ਧੀ ਨੂੰ ਆਪਣੇ ਪਿਆਰ ਤੇ ਸਮਝ ਦੀਆਂ ਸਾਂਝਾ ਨਾਲ ਭਰਾ-ਭਰਜਾਈ ਦੇ ਮਨ ਵਿਚ ਆਪਣੀ ਜਗ੍ਹਾ ਬਣਾ ਲੈਣੀ ਚਾਹੀਦੀ ਹੈ। ਭਾਬੀਆਂ ਉੱਤੇ ਭਰਾਵਾਂ ਨੂੰ ਸਿਖਾਉਣ-ਪੜ੍ਹਾਉਣ ਦੇ ਦੋਸ਼ ਲਾਏ ਜਾਂਦੇ ਹਨ ਪਰ ਕਿਉਂ ਨਾ ਅਜਿਹਾ ਮਾਹੌਲ਼ ਸਿਰਜਿਆ ਜਾਵੇ ਕਿ ਭੈਣ ਦੇ ਅਸਲੀ ਸੁਭਾਅ ਨੂੰ ਜਾਣਦਿਆਂ ਵੀਰ ਆਪ ਮੁਹਾਰੇ ਹੀ ਓਹਨਾਂ ਨੂੰ ਬਣਦਾ ਮਾਣ- ਸਤਿਕਾਰ ਦੇਣ। ਵਿਆਹੀਆਂ ਧੀਆਂ ਵਲੋਂ ਮੰਗਣ ਤੇ ਹੀ ਸਲਾਹ ਮਸ਼ਵਰਾ ਦਿੱਤਾ ਜਾਣਾ ਚਾਹੀਦਾ ਹੈ।ਪੇਕੇ ਘਰ ਦੇ ਫੈਸਲਿਆਂ ਵਿੱਚ ਬਹੁਤੀ ਦਖ਼ਲ ਅੰਦਾਜ਼ੀ ਕਈ ਵਾਰ ਰਿਸ਼ਤਿਆਂ ਨੂੰ ਤਾਰ-ਤਾਰ ਕਰ ਦਿੰਦੀ ਹੈ।ਜੇ ਕਿਤੇ ਮਾਪਿਆਂ ਵਲੋਂ ਭਾਬੀ ਨਾਲ ਦੁਰ-ਵਿਵਹਾਰ ਕੀਤਾ ਜਾ ਰਿਹਾ ਹੋਵੇ ਤਾਂ ਸਿਆਣੀ ਨਨਾਣ ਆਪਣੀ ਦੂਰਦਰਸ਼ੀ ਸਮਝ ਨਾਲ ਮਾਪਿਆਂ ਨੂੰ ਨੂੰਹ ਦੀ ਅਹਿਮੀਅਤ ਦਸ ਕੇ ਸਹੀ ਸੇਧ ਦੇ ਕੇ ਭਾਬੀ ਦੇ ਮਨ ਵਿਚ ਆਪਣੀ ਖਾਸ ਜਗ੍ਹਾ ਬਣਾ ਸਕਦੀ ਹੈ। ਜੇ ਵੀਰ ਗਲਤੀ ਕਰੇ ਤਾਂ ਵੀ ਉਸ ਨੂੰ ਸਮਝਾਓ।ਇਨਸਾਨ ਗਲਤੀਆਂ ਦਾ ਪੁਤਲਾ ਹੈ।ਹਰ ਇਨਸਾਨ ਗਲਤੀ ਕਰ ਸਕਦਾ ਹੈ ਫਿਰ ਭਾਬੀ ਵੀ ਇਕ ਇਨਸਾਨ ਹੈ।ਉਹ ਵੀ ਗਲਤੀ ਕਰ ਸਕਦੀ ਹੈ।ਉਸ ਨੂੰ ਮਾਫ ਕਰਨ ਦਾ ਮਾਦਾ ਰੱਖੋ।ਭਾਬੀ ਦੀਆਂ ਗਲਤੀਆਂ ਨੂੰ ਮੱਦੇਨਜ਼ਰ ਰੱਖ ਕੇ ਉਸ ਦੇ ਖਿਲਾਫ਼ ਭਰਾ ਦੇ ਕੰਨ ਭਰਨ ਦੀ ਕੋਸ਼ਿਸ਼ ਕਰੋਗੇ ਤਾਂ ਭਰਾ-ਭਾਬੀ , ਦੋਵਾਂ ਦੀਆਂ ਨਜ਼ਰਾਂ 'ਚ ਡਿੱਗ ਜਾਓਗੇ।ਭਾਬੀ ਦੀਆਂ ਖੁਸ਼ੀਆਂ ਦਾ ਖ਼ਿਆਲ ਰੱਖੋਗੇ ਤਾਂ ਭਰਾ ਵੱਧ-ਚੜ੍ਹ ਕੇ ਪਿਆਰ ਸਤਿਕਾਰ ਦੇਵੇਗਾ।ਇਕ ਓਹੀ ਔਰਤ ਹੈ ਜੋ ਘਰ ਦੇ ਸਿਆਣਿਆਂ ਦੀ ਸੇਵਾ ਕਰਦੀ ਹੈ ਤੇ ਉਹਨਾਂ ਬਜ਼ੁਰਗਾਂ ਨੂੰ ਸਾਂਭਦੀ-ਸੰਭਾਲਦੀ ਹੈ।ਤੁਸੀਂ ਹਰ ਵਕਤ ਆਪਣੇ ਮਾਪਿਆਂ ਕੋਲ਼ ਓਹਨਾਂ ਦੀ ਦੇਖ-ਭਾਲ ਲਈ ਨਹੀਂ ਰਹਿ ਸਕਦੇ। ਗੱਲੀਂ-ਬਾਤੀਂ ਭਰਜਾਈ ਦਾ ਸ਼ੁਕਰਾਨਾ ਕਰਦੇ ਰਹੋ ਜੋ ਆਪਣੇ ਜੀ ਜਾਨ ਨਾਲ ਤੁਹਾਡੇ ਮਾਪਿਆਂ ਦੀ ਫਿਕਰ ਕਰਦੀ ਹੈ। ਪੇਕੇ ਜਾ ਕੇ ਰੋਹਬ ਪਾਉਣ ਦੀ ਬਜਾਇ ਭਾਬੀ ਨਾਲ ਘਰ ਤੇ ਰਸੋਈ ਦੇ ਕੰਮ-ਕਾਰ ਵਿਚ ਮਦਦ ਕਰੋ। ਕਹਿੰਦੇ ਹਨ ਭਰਜਾਈਆਂ ਤੋਂ ਪਾਣੀ ਮੰਗੋ ਤਾਂ ਦੁੱਧ ਦਿੰਦੀਆਂ ਹਨ।ਤੁਸੀਂ ਓਹਨਾਂ ਨੂੰ ਪਿਆਰ ਵੰਡੋਗੇ ਤਾਂ ਉਹ ਵਿਆਜ ਸਮੇਤ ਦੁੱਗਣਾ ਕਰ ਕੇ ਮੋੜਦੀਆਂ ਹਨ।ਉਸ ਨੂੰ ਪੇਕੇ ਘਰ ਦਾ ਤਾਜ ਬਣਾ ਕੇ ਰੱਖੋ।ਪੇਕੇ ਘਰ ਜਾਂਦੇ ਵੇਲੇ ਉਸ ਲਈ ਛੋਟੇ ਮੋਟੇ ਤੋਹਫ਼ੇ ਜ਼ਰੂਰ ਲੈ ਕੇ ਜਾਓ ਤੇ ਤਰੀਫ਼ ਦੇ ਦੋ ਮਿੱਠੜੇ ਬੋਲਾਂ ਨਾਲ ਉਸ ਨੂੰ ਖੁਸ਼ ਕਰਦੇ ਰਹੋ।ਭਾਬੀ ਹੀ ਹੈ ਜਿਸ ਨਾਲ ਪੇਕੇ ਘਰ ਦੇ ਦਰਵਾਜ਼ੇ ਤੁਹਾਡੇ ਲਈ ਹਮੇਸ਼ਾ ਖੁਲ੍ਹੇ ਰਹਿੰਦੇ ਹਨ।ਭਾਬੀ ਹੈ ਤਾਂ ਹੀ ਪੇਕਾ ਘਰ ਖੁਸ਼ਬੂ ਵੰਡਦੇ ਫੁੱਲਾਂ ਵਾਂਗ ਖਿੜਿਆ ਰਹਿੰਦਾ ਹੈ। ਉਸ ਨੂੰ ਹਮੇਸ਼ਾ ਮਾਂ ਵਾਲੀ ਇੱਜਤ ਤੇ ਸਹੇਲੀ ਜਿਹਾ ਪਿਆਰ ਦਿਓ। ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਧੀ ਵੀ ਹਿੱਸੇਦਾਰ ਹੈ ਮਾਪਿਆਂ ਦੀ ਜਾਇਦਾਦ ਵਿਚ ।ਫੈਸਲਾ ਬਹੁਤ ਵਧੀਆ ਹੈ ਪਰ ਇਕ ਵਾਰ ਇਹ ਵੀ ਸੋਚਣਾ ਬਣਦਾ ਹੈ ਕਿ ਜਦੋਂ ਮਰੀਜ਼ ਮਾਪਿਆਂ ਨੂੰ ਪੀ ਜੀ ਆਈ ਜਾਂ ਕਿਤੇ ਹਸਪਤਾਲ ਲਿਜਾਉਣਾ ਹੋਵੇ ਤਾਂ ਭਾਬੀ ਹੀ ਲੈ ਕੇ ਜਾਂਦੀ ਹੈ ,ਇਸ ਲਈ ਭਾਬੀ ਹੱਥ ਹੀ ਰੱਖੋ ਘਰ ਦੀ ਚਾਬੀ।



**ਰੇਣੂ ਕੌਸ਼ਲ**
**(ਸਟੇਟ ਅਵਾਰਡੀ)**
**+91-9876877607**





# ਟੋਟਮ ਅਤੇ ਟੈਬੂਜ਼

ਟੋਟਮ ਤੇ ਟੈਬੂਜ਼ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਹਨ। ਟੋਟਮ ਨੂੰ ਪੰਜਾਬੀ ਵਿੱਚ ਟੋਟਮ ਅਤੇ ਟੈਬੂਜ਼ ਨੂੰ ਪੰਜਾਬੀ ਵਿੱਚ 'ਮਨਾਹੀਆਂ' ਕਿਹਾ ਜਾ ਜਾਂਦਾ ਹੈ। ਪੁਰਾਤਨ ਸਮੇਂ ਵਿੱਚ ਜਦੋਂ ਮਨੁੱਖ ਕਬੀਲਾ ਯੁੱਗ ਵਿੱਚ ਪ੍ਰਵੇਸ਼ ਕਰਦਾ ਹੈ ਅਤੇ ਕੁਦਰਤ ਦੇ ਰਹੱਸਾਂ ਨੂੰ ਸਮਝਣ ਦੇ ਯਤਨ ਵਜੋਂ ਉਹ ਕੁਝ ਵਿਸ਼ੇਸ਼ ਪਸ਼ੂ, ਪੰਛੀਆਂ ਅਤੇ ਰੁੱਖਾਂ ਦੀ ਪੂਜਾ ਸ਼ੁਰੂ ਕਰਦਾ ਹੈ। ਇਥੋਂ ਹੀ ਕਿਸੇ ਜਾਤੀ ਦੇ ਟੋਟਮ ਸ਼ੁਰੂ ਹੁੰਦੇ ਹਨ। ਜਿਵੇਂ ਗਊ, ਸੂਰ, ਸੱਪ, ਗਧਾ, ਚੂਹਾ, ਪਿੱਪਲ, ਬੋਹੜ, ਤੁਲਸੀ ਆਦਿ। ਇਹ ਸਭ ਟੋਟਮ ਹਨ।ਮਨੁੱਖ ਇਨ੍ਹਾਂ ਦੀ ਪੂਜਾ ਵੀ ਕਰਦਾ ਹੈ ਪਰ ਭੋਜਨ ਵਜੋਂ ਸਵੀਕਾਰ ਨਹੀਂ ਕਰਦਾ। ਇਸ ਲਈ ਕੋਈ ਕਾਨੂੰਨ ਨਹੀਂ ਹੁੰਦਾ। ਇਹ ਸਮਾਜਿਕ ਤੌਰ ਤੇ ਪਰੰਪਰਾ ਤੋਂ ਪੀੜ੍ਹੀ ਦਰ ਪੀੜ੍ਹੀ ਕਿਸੇ ਜਾਤੀ ਦੇ ਲੋਕ ਮਨ ਵਿੱਚ ਵਸ ਚੁੱਕੇ ਹੁੰਦੇ ਹਨ ।ਅਜੋਕਾ ਮਨੁੱਖ ਵੀ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਦਾ ਹੈ ਅਤੇ ਇਨ੍ਹਾਂ ਪਿੱਛੇ ਦੂਸਰੀਆਂ ਜਾਤੀਆਂ ਨਾਲ ਦਵੈਤ ਭਾਵਨਾ ਵੀ ਰੱਖਦਾ ਹੈ।

ਮਨ੍ਹਾਈਆਂ ਦਾ ਸੰਬੰਧ ਅਜਿਹੇ ਸਮਾਜਿਕ ਨਿਯਮਾਂ ਨਾਲ ਹੈ, ਜਿਨ੍ਹਾਂ ਦੀ ਪਾਲਣਾ ਵਿਸ਼ਵ ਦੀਆਂ ਸਾਰੀਆਂ ਸੱਭਿਅਕ ਕੌਮਾਂ ਕਿਸੇ ਰੂਪ ਵਿੱਚ ਕਰਦੀਆਂ ਹਨ। ਇਨ੍ਹਾਂ ਨੂੰ ਕਾਮ ਸਬੰਧੀ, ਭੋਜਨ ਲੜੀਆਂ ਅਤੇ ਧਾਰਮਿਕ ਅਕੀਦਿਆਂ ਵਿੱਚ ਵੰਡ ਕੇ ਸਮਝਿਆ ਜਾ ਸਕਦਾ ਹੈ। ਵਿਸ਼ਵ ਵਿੱਚ ਇੱਕ ਛੱਤ ਥੱਲੇ ਰਹਿਣ ਵਾਲੇ ਬੱਚਿਆਂ ਦਾ ਆਪਸ ਵਿੱਚ ਵਿਆਹ ਨਹੀਂ ਕੀਤਾ ਜਾਂਦਾ ਜਿਨ੍ਹਾਂ ਨੂੰ ਅਸੀਂ ਭੈਣ ਭਰਾ ਕਹਿੰਦੇ ਹਾਂ। ਇਸੇ ਤਰ੍ਹਾਂ ਪਿਓ ਧੀ ਜਾਂ ਮਾਂ ਪੁੱਤ ਦਾ ਸਰੀਰਕ ਸੰਬੰਧ ਸਮਾਜ ਪ੍ਰਵਾਨ ਨਹੀਂ ਕਰਦਾ। ਭਾਰਤੀ ਸਮਾਜ ਵਿੱਚ ਵਿਆਹ ਲਈ ਨਾਨਕਿਆਂ, ਦਾਦਕਿਆਂ ਦਾ ਖ਼ੂਨ ਛੱਡ ਕੇ ਹੀ ਰਿਸ਼ਤੇ ਕੀਤੇ ਜਾਂਦੇ ਹਨ ਜਦਕਿ ਇਸਲਾਮ ਵਿੱਚ ਅਜਿਹਾ ਨਹੀਂ। ਉਥੇ ਮਾਮੇ, ਮਾਸੀ ਦੇ ਬੱਚਿਆਂ ਨਾਲ ਵੀ ਵਿਆਹ ਕਰ ਲਿਆ ਜਾਂਦਾ ਹੈ। ਇਹ ਵੀ ਇੱਕ ਸਮਾਜਿਕ ਮਨਾਹੀ ਹੈ ਭਾਵੇਂ ਕਿ ਇਸ ਲਈ ਕੋਈ ਕਾਨੂੰਨ ਦੁਆਰਾ ਸਜ਼ਾ ਨਹੀਂ ਦਿੱਤੀ ਜਾਂਦੀ ਪ੍ਰੰਤੂ ਜੇਕਰ ਕੋਈ ਵਿਅਕਤੀ ਉਲੰਘਣਾ ਕਰ ਲੈਂਦਾ ਹੈ ਤਾਂ ਉਹ ਸਮਾਜ ਦੇ ਪ੍ਰਭਾਵ ਅਧੀਨ ਮਾਨਸਿਕ ਰੋਗੀ ਬਣ ਜਾਂਦਾ ਹੈ।ਇਸ ਬਾਰੇ ਪ੍ਰਸਿੱਧ ਮਨੋ ਵਿਗਿਆਨੀ ਡਾਕਟਰ ਸਿਗਮੰਡ ਫਰਾਇਡ ਨੇ ਖੋਜ ਭਰਪੂਰ ਬਹੁਤ ਕੰਮ ਕੀਤਾ ਹੈ ।ਉਨ੍ਹਾ ਦੀ ਪ੍ਰਸਿੱਧ ਪੁਸਤਕ ਟੋਟਮ ਐਂਡ ਟੈਬੂਜ਼ ਹੈ।

ਸਮਾਜ ਵਿੱਚ ਭੋਜਨ ਕੜੀਆਂ ਦੀਆਂ ਮਨਾਹੀਆਂ ਵਿੱਚ ਟੋਟਮ ਪ੍ਰਜਾਤੀਆਂ ਦੇ ਮਾਸ ਖਾਣ ਉੱਤੇ ਮਨਾਹੀ ਹੈ। ਭਾਰਤ ਵਿੱਚ ਨਾਗਾਲੈਂਡ ਨੂੰ ਛੱਡ ਕੇ ਕੁੱਤੇ ਦਾ ਮਾਸ ਖਾਣਾ ਚੰਗਾ ਨਹੀਂ ਸਮਝਿਆ ਜਾਂਦਾ ਜਦ ਕਿ ਚੀਨ ਅਤੇ ਯੂਰਪ ਵਿੱਚ ਬੜੇ ਹੀ ਸਵਾਦ ਨਾਲ ਖਾਧਾ ਜਾਂਦਾ ਹੈ ਇਸੇ ਪ੍ਰਕਾਰ ਹੀ ਵਿਸ਼ਵ ਵਿਚ ਮਨੁੱਖ ਦੁਆਰਾ ਮਨੁੱਖ ਦਾ ਮਾਸ ਖਾਣ ਦੀ ਮਨਾਹੀ ਹੈ।।ਇਸ ਪ੍ਰਕਾਰ ਹੀ ਭਾਰਤ ਵਿੱਚ ਜੂਠ ਦਾ ਸੰਕਲਪ ਵੀ ਸੱਭਿਆਚਾਰਕ ਤੌਰ ਤੇ ਪੈਦਾ ਹੋਇਆ ਜਦ ਕਿ ਇਸਲਾਮ ਵਿੱਚ ਜੂਠ ਦੇ ਸੰਕਲਪ ਦਾ ਕੋਈ ਆਧਾਰ ਨਹੀਂ ਹੈ ।ਇਸੇ ਪ੍ਰਕਾਰ ਹੀ ਖਾਣਾ ਖਾਣ ਦੇ ਨਿਯਮ ਵੱਖ- ਵੱਖ ਵੀ ਹਰ ਸਮਾਜ ਦੇ ਆਪੋ ਆਪਣੇ ਹੁੰਦੇ ਹਨ। ਇਨ੍ਹਾਂ ਲਈ ਭਾਵੇਂ ਕੋਈ ਕਾਨੂੰਨ ਨਹੀਂ ਹੁੰਦਾ ਪ੍ਰੰਤੂ ਇਨ੍ਹਾਂ ਨੂੰ ਅਸੀਂ ਸੱਭਿਅਕ ਜਾਂ ਅਸੱਭਿਅਕ ਵਰਤਾਰੇ ਵਿੱਚ ਵੰਡ ਲੈਂਦੇ ਹਾਂ। ਨੇਪਾਲ ਵਿੱਚ ਮਾਸਿਕ ਧਰਮ ਦੇ ਦਿਨਾਂ ਵਿੱਚ ਔਰਤ ਨੂੰ ਘਰ ਵਿੱਚ ਰਹਿਣ ਦੀ ਆਗਿਆ ਨਹੀਂ ਹੈ। ਉਸ ਨੂੰ ਪਸ਼ੂਆਂ ਦੇ ਵਾੜੇ ਵਿੱਚ ਰਹਿਣਾ ਪੈਂਦਾ ਹੈ ਭਾਵੇਂ ਕਿ ਕੋਈ ਔਰਤ ਕਿਸੇ ਦੇ ਘਰ ਕਿਰਾਏ ਤੇ ਹੀ ਕਿਉਂ ਨਾ ਰਹਿੰਦੀ ਹੋਵੇ ।ਇਸ ਤਰ੍ਹਾਂ ਦੀ ਰੀਤ ਹਿਮਾਚਲ 'ਚ ਕੁੱਲੂ ਦੇ ਕੁਝ ਪਿੰਡਾਂ ਵਿੱਚ ਪ੍ਰਚੱਲਿਤ ਹੈ ।ਭਾਵੇਂ ਕਿ ਅਜੋਕੇ ਯੁੱਗ ਵਿੱਚ ਮਨੁੱਖ ਦੀ ਸਰੀਰਕ ਜਾਣਕਾਰੀ ਵਿੱਚ ਬਹੁਤ ਵਾਧਾ ਹੋਇਆ ਹੈ ਪਰ ਅਜ ਵੀ ਕਿਤੇ ਨਾ ਕਿਤੇ ਅਸੀਂ ਇਨ੍ਹਾਂ ਮਨਾਹੀਆਂ ਨਾਲ ਜੁੜੇ ਹੋਏ ਹਾਂ। ਜਿਵੇ ਭਾਰਤ ਵਿੱਚ ਉੱਚੀ ਜਾਤੀਆਂ ਦੇ ਚੌਂਕੇ ਚੁੱਲ੍ਹੇ ਵਿੱਚ ਨਿਮਨ ਜਾਤੀਆਂ ਨੂੰ ਪ੍ਰਵੇਸ਼ ਕਰਨ ਦੀ ਆਗਿਆ ਨਹੀਂ ਸੀ ਹੁੰਦੀ।ਜਿਸ ਦੇ ਸਿੱਟੇ ਵਜੋਂ ਸਮਾਜ ਵਿੱਚ ਛੂਤ ਛਾਤ,ਜਾਤ ਪਾਤ ਦੀ ਅਜਿਹੀ ਬਿਮਾਰੀ ਫੈਲੀ ਜਿਹੜੀ ਕਿ ਅਜ ਤੱਕ ਸਾਡੇ ਸਭਿਆਚਾਰ ਵਿੱਚ ਸਿੱਧੇ ਜਾਂ ਅਸਿੱਧੇ ਰੂਪ ਦੇਖੀ ਜਾ ਸਕਦੀ ਹੈ। ਅਜ ਵੀ ਭਾਰਤ ਵਿੱਚ ਉਚੇਰੀ ਜਾਤੀਆਂ ਨਾਲ ਸੰਬੰਧਤ ਲੋਕ ਸਫਾਈ ਸੈਨਿਕਾਂ ਦੀਆਂ ਅਸਾਮੀਆਂ ਉੱਤੇ ਕੰਮ ਕਰਨ ਲਈ ਤਿਆਰ ਨਹੀਂ।ਇਹ ਕੰਮ ਨਿਮਨ ਜਾਤੀਆਂ ਦੇ ਹਿੱਸੇ ਆਇਆ। ਧਰਮ ਨਾਲ ਸਬੰਧਤ ਮਨਾਹੀਆਂ ਵਿੱਚ ਆਪਣੇ ਆਪਣੇ ਧਾਰਮਿਕ ਚਿੰਨਾਂ ਦੀ ਸੰਭਾਲ ਕਰਨੀ ਅਤੇ ਉਨ੍ਹਾਂ ਦੇ ਨਿਯਮਾਂ ਦੀ ਪਾਲਣਾ ਕਰਨੀ ਵੀ ਵਿਸ਼ਵ ਵਿੱਚ ਪ੍ਰਚੱਲਤ ਹੈ ।ਨਹਾਉਣ ਸਮੇਂ ਇਨ੍ਹਾਂ ਚਿੰਨ੍ਹਾਂ ਨੂੰ ਕਿਸ ਤਰ੍ਹਾਂ ਰੱਖਣਾ ਹੈ। ਉਨ੍ਹਾਂ ਦਾ ਕਿਸ ਤਰ੍ਹਾਂ ਸਤਿਕਾਰ ਕਰਨਾ ਹੈ। ਇਹ ਵੀ ਮਨਾਹੀਆਂ ਦੇ ਘੇਰੇ ਵਿੱਚ ਆ ਜਾਂਦਾ ਹੈ।ਜਿਸ ਤਰ੍ਹਾਂ ਸਾਡੇ ਭਾਰਤ ਵਿੱਚ ਬਹੁਤ ਸਾਰੇ ਮੰਦਿਰਾਂ ਵਿੱਚ ਔਰਤਾਂ ਨੂੰ ਜਾਣ ਦੀ ਮਨਾਈ ਹੈ, ਇਸੇ ਤਰ੍ਹਾਂ ਹੀ ਮਸੀਤ ਵਿੱਚ ਜਾ ਕੇ ਔਰਤਾਂ ਨਮਾਜ਼ ਅਦਾ ਨਹੀਂ ਕਰ ਸਕਦੀਆਂ। ਇਨ੍ਹਾਂ ਮਨਾਹੀਆਂ ਦਾ ਵੀ ਕੋਈ ਕਾਨੂੰਨੀ ਆਧਾਰ ਨਹੀਂ। ਇਸ ਪ੍ਰਕਾਰ ਹੀ ਜੈਨ ਧਰਮ ਵਿੱਚ ਮਹਾਂਵੀਰ ਸੁਆਮੀ ਵਲੋਂ ਜੀਵ ਹੱਤਿਆ ਦੀ ਮਨਾਹੀ ਕੀਤੀ ਗਈ ਸੀ।ਇਸ ਕਰਕੇ ਜੈਨ ਧਰਮ ਨੂੰ ਮੰਨਣ ਵਾਲਿਆਂ ਨੇ ਖੇਤੀ ਅਤੇ ਹੱਥੀ ਕੰਮ ਕਰਨੇ ਛੱਡ ਦਿੱਤੇ ਤੇ ਉਹ ਸਿਰਫ ਕਪੜੇ ਅਤੇ ਕਰਾਇਨੇ ਆਦਿ ਦਾ ਵਪਾਰ ਕਰਨ ਲੱਗੇ। ਇਸ ਪ੍ਰਕਾਰ ਹੀ ਮਹਾਤਮਾ ਬੁੱਧ ਨੇ ਜੀਵ ਹੱਤਿਆ ਨੂੰ ਹੀ ਪਾਪ ਮੰਨਿਆ ਪਰੰਤੂ ਇਕ ਵਾਰ ਇਕ ਭਿਖਸ਼ੂ ਦੇ ਭਾਂਡੇ ਵਿਚ ਅਸਮਾਨ ਵਿੱਚ ਉਡਦੇ ਜਾਂਦੇ ਪੰਛੀ ਦੇ ਮੂੰਹ ਵਿਚੋਂ ਮਾਸ ਦਾ ਟੁੱਕੜਾ ਡਿਗ ਪਿਆ ਤਾਂ ਉਸਨੇ ਆ ਕੇ ਮਹਾਤਮਾ ਬੁੱਧ ਨੂੰ ਪੁਛਿਆ ਕਿ ਇਸਦਾ ਕੀ ਕੀਤਾ ਜਾਵੇ ਤਾਂ ਬੁੱਧ ਨੇ ਕਿਹਾ ਜੋੜਾਪੇ ਝੋਲੀ ਵਿਚ ਡਿੱਗਿਆ ਹੈ ਉਸਨੂੰ ਖਾ ਲੈਣਾ ਚਾਹੀਦਾ ਹੈ। ਪਰੰਤੂ ਇਸ ਦਾ ਸਿੱਟਾ ਇਹ ਨਿਕਲਿਆ ਕਿ ਅਜ ਦੁਨੀਆਂ ਦੇ ਪੰਜਾਹ ਕਰੋੜ ਬੁੱਧ ਆਪੇ ਮਰੇ ਹੋਏ ਪਸ਼ੂ ਦਾ ਮਾਸ ਖਾਂਦੇ ਹਨ।ਹੈਰਾਨੀਜਨਕ ਗੱਲ ਇਹ ਹੈ ਕਿ ਇਤਨੇ ਜੀਵ ਕਿਵੇ ਮਰ ਸਕਦੇ ਹਨ ? ਇਸ ਲਈ ਟੋਟਮ ਅਤੇ ਟੈਬੂਜ਼ ਕਾਰਨ ਤੇ ਕਾਰਜ ਦੇ ਸਿਧਾਂਤ ਦੇ ਅਧੀਨ ਨਹੀਂ ਹੁੰਦੇ। ਇਨ੍ਹਾਂ ਦਾ ਵਿਗਿਆਨਕ ਆਧਾਰ ਨਾ ਹੋ ਕੇ ਪਰਾਭੌਤਿਕ ਆਧਾਰ ਹੈ ।ਇਸ ਲਈ ਇਨ੍ਹਾਂ ਦੀ ਮਾਨਤਾ ਲੋਕ ਮਨ ਵਿੱਚ ਹੈ ਅਤੇ ਹਰ ਸਮਾਜ ਇਨ੍ਹਾਂ ਦੀ ਪਾਲਣਾ ਕਿਸੇ ਨਾ ਕਿਸੇ ਰੂਪ ਵਿੱਚ ਕਰਨ 'ਚ ਮਾਣ ਮਹਿਸੂਸ ਕਰਦਾ ਹੈ।

**ਪ੍ਰੋ ਜਗਦੀਪ 94782-19330**

# ਖਾਲਸਾ ਰਾਜ ਦੀ ਸਤਿਕਾਰਤ ਹਸਤੀ ਸਰਦਾਰਨੀ ਸਦਾ ਕੌਰ ਦਾ ਅਣਗੌਲਿਆਂ ਪੇਕਾ ਪਿੰਡ ਰਾਊਕੇ ਕਲਾਂ

ਸਿੱਖ ਇਤਿਹਾਸ ਦੇ ਨਾਲ ਸੰਬੰਧਿਤ ਬਹੁਤ ਹੀ ਅਹਿਮ ਦਸਤਾਵੇਜ਼ ਜੋ ਸਾਡੇ ਕੋਲੋਂ ਸਦਾ ਲਈ ਵਿਛੜ ਗਏ ਜਾਂ ਜਾਣ ਬੁੱਝ ਕੇ ਗਾਇਬ ਕਰ ਦਿੱਤੇ ਗਏ । ਇਸੇ ਤਰ੍ਹਾਂ ਬਹੁਤ ਸਾਰੇ ਉਹ ਅਸਥਾਨ ਜੋ ਅਣਗੌਲੇ ਹਨ ਉਨ੍ਹਾਂ ਤੇ ਵੀ ਕਿਸੇ ਦਾ ਧਿਆਨ ਨਹੀਂ ਹੈ । ਖ਼ਾਲਸਾ ਰਾਜ਼ ਨਾਲ ਸੰਬੰਧਿਤ ਜ਼ਿਆਦਾਤਰ ਸਥਾਂਨ ਲਹਿੰਦੇ ਪੰਜਾਬ (ਪਾਕਿਸਤਾਨ) ਵਿੱਚ ਹਨ, ਪ੍ਰੰਤੂ ਚੜਦੇ ਪੰਜਾਬ ਵਿੱਚ ਵੀ ਬਹੁਤ ਸਾਰੇ ਅਜਿਹੇ ਸਥਾਨ ਹਨ, ਜਿਨ੍ਹਾਂ ਦਾ ਸੰਬੰਧ ਖ਼ਾਲਸਾ ਰਾਜ ਜਾਂ ਮਹਾਰਾਜਾ ਰਣਜੀਤ ਸਿੰਘ ਨਾਲ ਹੈ । ਅੱਜ ਅਸੀਂ ਇਨ੍ਹਾਂ ਵਿੱਚੋਂ ਸਰਦਾਰਨੀ ਸਦਾ ਕੌਰ ਦੇ ਪੇਕਾ ਪਿੰਡ ਰਾਊਕੇ ਕਲਾਂ ਬਾਰੇ ਗੱਲ ਕਰਾਂਗੇ । ਸਰਦਾਰਨੀ ਸਦਾ ਕੌਰ ਜਿਨਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਸੱਸ ਹੋਣ ਦਾ ਮਾਣ ਹਾਸ਼ਿਲ ਹੈ । ਖ਼ਾਲਸਾ ਰਾਜ਼ ਦੇ ਅਣਮੁੱਲੇ ਹੀਰਿਆਂ ਵਿੱਚੋਂ ਇੱਕ ਸਨ ਸਰਦਾਰਨੀ ਸਦਾ ਕੌਰ ਬਹੁਤ ਹੀ ਬਹਾਦਰ, ਨਿੱਧੜਕ ਤੇ ਹਿੰਮਤ ਵਾਲੀ ਔਰਤ ਸਨ । ਜਿਨਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੁਢਲੀਆਂ ਜਿੱਤਾਂ ਖ਼ਾਸ ਕਰਕੇ ਲਾਹੌਰ ਨੂੰ ਜਿੱਤਣ ਉਪਰੰਤ ਮਹਾਂਰਾਜ ਨੂੰ ਲਾਹੌਰ ਵਿੱਚ ਸਥਿਤ ਕਿਲੇ ਦੇ ਤਖਤ ਤੇ ਬਿਠਾਉਣ ਵਿੱਚ ਅਹਿਮ ਰੋਲ ਅਦਾ ਕੀਤਾ ।

ਸਰਦਾਰਨੀ ਸਦਾ ਕੌਰ ਦਾ ਜਨਮ 1762 ਈਸਵੀ ਨੂੰ ਸਰਦਾਰ ਦਸੌਂਧਾ ਸਿੰਘ ਦੇ ਘਰ ਪਿੰਡ ਰਾਊਕੇ ਕਲਾਂ ਵਿੱਚ ਹੋਇਆ। ਇਹ ਰਾਊਕੇ ਕਲਾਂ ਪਹਿਲਾਂ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਸੀ ਤੇ ਅੱਜ ਕੱਲ ਜਿਲ੍ਹਾ ਮੋਗਾ ਵਿੱਚ ਸਥਿਤ ਹੈ। ਜਵਾਨ ਹੋਣ ਤੇ ਸਦਾ ਕੌਰ ਦਾ ਵਿਆਹ ਗੁਰਬਖਸ਼ ਸਿੰਘ ਕਨ੍ਹਈਆ ਜੋ ਜੈ ਸਿੰਘ ਕਨ੍ਹਈਆ ਦੇ ਸਪੁੱਤਰ ਸਨ, ਨਾਲ ਕਰ ਦਿੱਤਾ ਗਿਆ। ਸਦਾ ਕੌਰ ਦੇ ਘਰ ਇੱਕ ਸਪੁੱਤਰੀ ਨੇ ਜਨਮ ਲਿਆ ,ਜਿਸਦਾ ਨਾਮ ਮਹਿਤਾਬ ਕੌਰ ਰੱਖਿਆ ? ਗਿਆ ।ਮਹਿਤਾਬ ਕੌਰ ਜੀ ਮਹਾਂਰਾਜਾ ਰਣਜੀਤ ਸਿੰਘ ਦੀ ਪਹਿਲੀ ਪਤਨੀ ਸੀ। ਗੁਰਬਖਸ਼ ਸਿੰਘ ਰਾਮਗੜ੍ਹੀਆ ਤੇ ਸ਼ੁੱਕਰ ਚੱਕਿਆ ਮਿਸਲ ਨਾਲ ਲੜਦਿਆਂ ਹੋਇਆਂ ਇੱਕ ਲੜਾਈ ਵਿੱਚ ਸ਼ਹੀਦ ਹੋ ਗਏ । ਉਹਨਾਂ ਦੀ ਮੌਤ ਤੋਂ ਬਾਅਦ ਕਨ੍ਹਈਆ ਮਿਸਲ ਦੀ ਵਾਂਗਡੋਰ ਸਰਦਾਰਨੀ ਸਦਾ ਕੌਰ ਦੇ ਹੱਥ ਆ ਗਈ। ਉਹਨਾਂ ਨੇ ਬੜੀ ਕੁਸ਼ਲਤਾਪੂਰਵਕ ਆਪਣੇ ਮਿਸਲ ਤੇ ਸ਼ੁੱਕਰ ਚੁੱਕਿਆ ਮਿਸਲ ਦੀ ਸਾਂਭ ਸੰਭਾਲ ਕੀਤੀ ।

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਡਾ. ਅਮਨਦੀਪ ਕੌਰ
ਸਹਾਇਕ ਪ੍ਰੋ. ਮਾਤਾ ਸੁੰਦਰੀ ਯੂਨੀਵਰਸਿਟੀ ਗਰਲਜ਼ ਕਾਲਜ ਮਾਨਸਾ

ਇਸ ਬਹਾਦਰ ਤੇ ਅਣਖੀ ਸਰਦਾਰਨੀ ਸਦਾ ਕੌਰ ਦੇ ਪੇਕਾ ਪਿੰਡ ਨੂੰ ਇਤਿਹਾਸ ਵਿੱਚ ਅਜੇ ਤੱਕ ਉਸ ਥਾਂ ਤੇ ਮਾਣ ਸਨਮਾਨ ਨਹੀਂ ਮਿਲ ਸਕਿਆ ਜੋ ਮਿਲਣਾ ਚਾਹੀਦਾ ਸੀ ।ਇਹ ਪਿੰਡ ਮੋਗਾ ਬਰਨਾਲਾ ਰੋਡ ਤੇ ਪੈਂਦੇ ਪਿੰਡ ਬਧਨੀ ਕਲਾਂ ਦੇ ਛਿਪਦੇ ਪਾਸੇ ਸਾਢੇ ਤਿੰਨ ਕਿਲੋਮੀਟਰ ਦੀ ਵਿੱਥ ਤੇ ਹੈ । ਇਸ ਦੇ ਦੂਜੇ ਪਾਸੇ ਮਾਣੂੰਕੇ ਪਿੰਡ ਲੱਗਦਾ ਹੈ। ਸਰਦਾਰਨੀ ਸਦਾ ਕੌਰ ਦੇ ਪੇਕਾ ਘਰ ਦੀ ਅੱਠਵੀਂ ਤੇ ਨੌਵੀਂ ਪੀੜੀ ਇਸ ਪਿੰਡ ਵਿੱਚ ਰਹਿ ਰਹੀ ਹੈ। ਸਰਦਾਰਨੀ ਦੀ ਯਾਦ ਵਿੱਚ ਪਿੰਡ ਦੀ ਫਿਰਨੀ ਵਾਲੇ ਪਾਸੇ ਇੱਕ ਗੇਟ ਬਣਾਇਆ ਹੋਇਆ ਹੈ। ਉਹਨਾਂ ਦੇ ਪੇਕਾ ਘਰ ਦੀ ਨੌਵੀਂ ਪੀੜੀ ਦੇ ਸਰਦਾਰ ਅਜੇਪਾਲ ਸਿੰਘ ਨੇ ਉਹਨਾਂ ਦੀ ਯਾਦ ਵਿੱਚ ਇੱਕ ਕਿਲ੍ਹਾ ਪਿੰਡ ਦੇ ਵਿਚਕਾਰ ਬਣਵਾਇਆ ਹੈ। ਕਿਲੇ ਦੇ ਬਾਹਰ ਗੇਟ ਵਾਲੀ ਕੰਧ ਦੇ ਨਾਲ ਇੱਕ ਬੰਸਾਵਲੀ ਵੀ ਤਿਆਰ ਕੀਤੀ ਗਈ ਹੈ। ਜਿਸ ਵਿੱਚ ਸਰਦਾਰ ਦਸੌਂਧਾ ਸਿੰਘ ਤੋਂ ਲੈ ਕੇ ਹੁਣ ਤੱਕ ਦੇ ਸਾਰੇ ਪਰਿਵਾਰਿਕ ਮੈਂਬਰਾਂ ਦੇ ਨਾਂ ਹਨ ।ਇਹ ਪਰਿਵਾਰ ਦੁਆਰਾ ਚੁੱਕਿਆ ਗਿਆ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਪਿੰਡ ਵਿੱਚ ਉਹਨਾਂ ਦੀ ਯਾਦ ਵਿੱਚ ਕੋਈ ਸਟੇਡੀਅਮ ,ਸਕੂਲ ਕਾਲਜ ਜਾਂ ਹੋਰ ਕੋਈ ਸੰਸਥਾ ਹੋਣੀ ਚਾਹੀਦੀ ਹੈ, ਨਾਲ ਹੀ ਉਹਨਾਂ ਦਾ ਇੱਕ ਬੁੱਤ ਵੀ ਪਿੰਡ ਦੇ ਸ਼ੁਰੂ ਵਿੱਚ ਲੱਗਣਾ ਚਾਹੀਦਾ ਹੈ ਤਾਂ ਕਿ ਆਉਣ ਵਾਲੀ ਪੀੜੀ ਨੂੰ ਆਪਣੇ ਪਿੰਡ ਦੀ ਇਸ ਮਹਾਨ ਧੀ ਬਾਰੇ ਜਾਣਕਾਰੀ ਮਿਲ ਸਕੇ । ਇੱਕ ਗੱਲ ਬਹੁਤ ਵਧੀਆ ਲੱਗੀ ਜਦ ਅਸੀਂ ਪਿੰਡ ਵਿੱਚ ਦਾਖਲ ਹੋਏ ਤੇ ਇਹ ਪੁੱਛਿਆ ਕਿ ਕੀ ਇਹ ਸਰਦਾਰਨੀ ਸਦਾ ਕੌਰ ਦਾ ਪੇਕਾ ਪਿੰਡ ਹੈ ?ਤਾਂ ਹਰ ਮਿਲਣ ਵਾਲਾ ਬਹੁਤ ਹੀ ਮਾਣ ਤੇ ਚਿਹਰੇ ਤੇ ਖੁਸ਼ੀ ਨਾਲ ਕਹਿ ਰਿਹਾ ਸੀ ਕਿ ਹਾਂ ਇਹ ਰਾਣੀ ਸਦਾ ਕੌਰ ਦਾ ਪੇਕਾ ਪਿੰਡ ਹੈ ।

ਲੋੜ ਹੈ ਅਜਿਹੇ ਇਤਿਹਾਸਿਕ ਪਿੰਡਾਂ ਵੱਲ ਉਪਕਾਰੀ ਨਜ਼ਰ ਨਾਲ ਵੇਖਣ ਦੀ । ਸਰਕਾਰਾਂ ਜਥੇਬੰਦੀਆਂ, ਇਤਿਹਾਸਿਕ ਚਿੰਤਕਾਂ ਦਾ ਫਰਜ਼ ਬਣਦਾ ਹੈ ਕਿ ਅਜਿਹੇ ਪਿੰਡਾਂ ਨੂੰ ਉਨ੍ਹਾਂ ਦਾ ਬਣਦਾ ਮਾਣ ਸਤਿਕਾਰ ਦਿਵਾਉਣ ਦੀ ਚਾਰਾਜੋਈ ਕੀਤੀ ਜਾਵੇ ।

## ਪੁਸਤਕ ਰੀਵਿਊ

# ਸਾਕਾਰਾਤਮਕ ਮਿੰਨੀ ਕਹਾਣੀਆਂ : ਨਿਰਮੋਹੇ




**ਰੀਵਿਊਕਾਰ : ਪ੍ਰੋ. ਨਵ ਸੰਗੀਤ ਸਿੰਘ**

* ਪੁਸਤਕ : ਨਿਰਮੋਹੇ
* ਲੇਖਕ : ਮਹਿੰਦਰ ਸਿੰਘ ਮਾਨ
* ਪ੍ਰਕਾਸ਼ਕ : ਨਵਰੰਗ ਪਬਲੀਕੇਸ਼ਨ, ਸਮਾਣਾ
* ਪੰਨੇ : 95
* ਮੁੱਲ : 200/- ਰੁਪਏ

ਮਹਿੰਦਰ ਸਿੰਘ ਮਾਨ ਪਿਛਲੇ ਕਈ ਵਰ੍ਹ ?ਆਂ ਤੋਂ ਸਾਹਿਤ ਦੇ ਖੇਤਰ ਵਿੱਚ ਨਿਰੰਤਰ ਕਾਰਜਸ਼ੀਲ ਹੈ। ਮੁੱਖ ਤੌਰ ਤੇ ਉਹ ਇੱਕ ਕਵੀ ਹੈ ਤੇ ਉਹਦੀਆਂ ਹੁਣ ਤੱਕ ਕਵਿਤਾ ਦੀਆਂ 7 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ 6 ਕਾਵਿ ਸੰਗ੍ਰਹਿ ਤੇ ਇੱਕ ਗ਼ਜ਼ਲ ਸੰਗ੍ਰਹਿ ਹੈ। ਮਾਨ ਦੀਆਂ ਕਵਿਤਾਵਾਂ ਵਿੱਚ ਅਗਾਂਹਵਧੂ ਵਿਚਾਰਾਂ ਦੀ ਪੇਸ਼ਕਾਰੀ ਹੋਈ ਹੈ। ਉਸਦੀ ਕੋਸ਼ਿਸ਼ ਰਹੀ ਹੈ ਕਿ ਉਹ ਲੋਕਾਂ ਨੂੰ ਨਵੀਆਂ ਰਾਹਾਂ ਤੇ ਚੱਲਣ ਦੀ ਜਾਚ ਸਿਖਾਵੇ। ਇਸੇਲਈ ਮਾਨ ਦੀਆਂ ਜ਼ਿਆਦਾਤਰ ਕਿਤਾਬਾਂ ਦੇ ਨਾਂ ਵੀ 'ਸੂਰਜ' ਨਾਲ ਸੰਬੰਧਿਤ ਹਨ। ਇਨ੍ਹਾਂ ਵਿੱਚ 'ਚੜ੍ਹਿ ਆ ਸੂਰਜ', 'ਸੂਰਜ ਦੀਆਂ ਕਿਰਨਾਂ', 'ਸੂਰਜ ਹਾਲੇ ਡੁੱਬਿਆ ਨਹੀਂ', 'ਮਘਦਾ ਸੂਰਜ' ਦ ?ਾ ਜ਼ਿਕਰ ਕੀਤਾ ਜਾ ਸਕਦਾ ਹੈ।

ਇਸ ਵਰ੍ਹੇ (2025 ਵਿੱਚ) ਮਹਿੰਦਰ ਸਿੰਘ ਮਾਨ ਨੇ ਸਾਹਿਤ ਦੀ ਇੱਕ ਹੋਰ ਸਿਨਫ਼ ਤੇ ਹੱਥ ਅਜ਼ਮਾਇਆ ਹੈ ਤੇ ਇਹ ਹੈ ਮਿੰਨੀ ਕਹਾਣੀ। 'ਨਿਰਮੋਹੇ' ਨਾਂ ਦੇ ਇਸ ਮਿੰਨੀ ਕਹਾਣੀ ਸੰਗ੍ਰਹਿ ਵਿੱਚ ਕੁੱਲ 79 ਮਿੰਨੀ ਕਹਾਣੀਆਂ ਸ਼ਾਮਲ ਹਨ। ਮਿੰਨੀ ਕਹਾਣੀ ਸਾਹਿਤ ਦਾ ਉਹ ਰੂਪ ਹੈ, ਜਿਸ ਵਿੱਚ ਲੇਖਕ ਥੋੜ੍ਹੇ ਸ਼ਬਦਾਂ ਵਿੱਚ ਆਪਣੀ ਗੱਲ ਨੂੰ ਅਸਰ-ਅੰਦਾਜ਼ ਢੰਗ ਨਾਲ ਕਹਿਣ ਦੀ ਕੋਸ਼ਿਸ਼ ਕਰਦਾ ਹੈ। ਇਸ ਵਿੱਚ ਵਾਧੂ ਦਾ ਖਿਲਾਰਾ ਨਹੀਂ ਹੁੰਦਾ। ਘਟਨਾ ਨੂੰ ਸਿੱਧੇ ਤੌਰ ਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਪ੍ਰਸਤੁਤ ਕੀਤਾ ਜਾਂਦਾ ਹੈ। ਇਹ ਤਰੀਕਾ ਕੋਈ ਵੀ ਹੋ ਸਕਦਾ ਹੈ - ਵਾਰਤਾਲਾਪੀ ਜਾਂ ਬਿਆਨਮਈ। ਪਰ ਇਹਨੂੰ ਪੇਸ਼ ਕਰਨ ਲਈ ਘਟਨਾ ਉੱਤੇ ਹੀ ਕੇਂਦਰਿਤ ਕਰਨਾ ਪੈਂਦਾ ਹੈ।

ਮਨੁੱਖੀ ਜੀਵਨ ਦੋ-ਰੰਗਾ ਹੈ। ਇਸ ਵਿੱਚ ਦੁਖ-ਸੁਖ, ਗ਼ਮੀ-ਖ਼ੁਸ਼ੀ, ਉੱਚਾ-ਨੀਵਾਂ, ਚੰਗਾ-ਮਾੜਾ ਆਦਿ ਬਹੁਤ ਕੁਝ ਵਾਪਰਦਾ ਰਹਿੰਦਾ ਹੈ। ਪਰਮਾਤਮਾ ਨੇ ਬ੍ਰਹਿਮੰਡ ਨੂੰ ਵੀ ਦੋ-ਰੰਗਾ ਹੀ ਬਣਾਇਆ ਹੈ - ਦਿਨ-ਰਾਤ, ਗਰਮੀ-ਸਰਦੀ, ਮੱਸਿਆ-ਪੁੰਨਿਆ, ਪਤਝੜ-ਬਹਾਰ, ਫੁੱਲ-ਖਾਰ ਆਦਿ। ਇਹ ਸਾਡੀ ਸੋਚ ਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਸ ਪਰਿਸਥਿਤੀ ਵਿੱਚ ਕਿਹੋ ਜਿਹੀ ਪ੍ਰਤੀਕਿਰਿਆ ਦੇਣੀ ਹੈ। ਸਮਾਜ ਵਿੱਚ ਵਿਚਰਦਿਆਂ ਸਾਨੂੰ ਵਿਭਿੰਨ ਪਹਿਲੂਆਂ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਚੰਗਾ ਲੇਖਕ ਉਹ ਹੁੰਦਾ ਹੈ ਜੋ ਵਿਰੋਧੀ ਪਰਿਸਥਿਤੀਆਂ ਦੇ ਬਾਵਜੂਦ ਉਸਦੇ ਨਾਕਾਰਾਤਮਕ ਪੱਖਾਂ ਨੂੰ ਅਣਡਿੱਠ ਕਰਕੇ ਸਾਕਾਰਾਤਮਕ ਰੁਚੀਆਂ ਨੂੰ ਪ੍ਰਾਥਮਿਕਤਾ ਦੇਵੇ।

ਮਹਿੰਦਰ ਸਿੰਘ ਮਾਨ ਇੱਕ ਸੇਵਾਮੁਕਤ ਮੁੱਖ-ਅਧਿਆਪਕ ਹੈ। ਉਹਨੇ ਲੰਮਾ ਸਮਾਂ ਸਾਇੰਸ ਅਧਿਆਪਕ ਵਜੋਂ ਵੀ ਕਾਰਜ ਕੀਤਾ ਹੈ। ਉਹਨੇ ਰੋਜ਼ਾਨਾ ਜੀਵਨ ਵਿੱਚ ਵਾਪਰਦੀਆਂ ਘਟਨਾਵਾਂ ਨੂੰ ਆਧਾਰ ਬਣਾ ਕੇ ਮਿੰਨੀ ਕਹਾਣੀਆਂ ਦੀ ਰਚਨਾ ਕੀਤੀ ਹੈ। ਲੇਖਕ ਨੇ ਪਹਿਲਾਂ-ਪਹਿਲ ਜੇਬੀ ਪੱਤ੍ਰਿਕਾ 'ਅਣੂ' ਵਿੱਚ ਮਿੰਨੀ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। ਉਸਦੀਆਂ ਮਿੰਨੀ ਕਹਾਣੀਆਂ ਵਿੱਚ ਪੇਸ਼ ਹੋਇਆ ਯਥਾਰਥ ਵਾਸਤਵਿਕ ਹੈ ਤੇ ਇਹ ਕੋਈ ਕਾਲਪਨਿਕ ਲਿਖਤਾਂ ਨਹੀਂ ਹਨ। ਲੇਖਕ ਨੇ ਇਨ੍ਹਾਂ ਰਚਨਾਵਾਂ ਦੇ ਸਿਰਲੇਖ ਵੀ ਬੜੇ ਭਾਵਪੂਰਤ ਬਣਾਏ ਹਨ, ਜੋ ਬਹੁਤ ਸਾਰੀਆਂ ਗੱਲਾਂ ਕਹਿਣ ਦੀ ਸਮਰੱਥਾ ਰੱਖਦੇ ਹਨ। ਇਨ੍ਹਾਂ ਮਿੰਨੀ ਕਹਾਣੀਆਂ ਦੇ ਵਧੇਰੇ ਸਿਰਲੇਖ ਇੱਕ-ਸ਼ਬਦੀ ਹਨ। ਜਿਵੇਂ ਵਧਾਈ, ਭਵਿੱਖਬਾਣੀ, ਗੁਰਦੁਆਰਾ, ਜ਼ਲੀਲ, ਭੁੱਖ, ਫੈਸਲਾ, ਨੁਕਸਾਨ, ਲਿਫ਼ਾਫ਼ਾ, ਭਾਰ, ਵਿਚਾਰੇ, ਚਿੰਤਾ, ਵਾਰੀ, ਪਤੰਗ, ਘਾਟ, ਪਲਾਟ, ਰਾਖੀ, ਅਣਗਹਿਲੀ, ਰੱਖੜੀ, ਡਰ, ਹਿੰਮਤ, ਬੋਝ, ਨਿਰਮੋਹੇ, ਗਹਿਣੇ, ਇਤਰਾਜ਼, ਵੋਟਾਂ ਆਦਿ।

ਮਾਨ ਦੀਆਂ ਮਿੰਨੀ ਕਹਾਣੀਆਂ ਵਿੱਚ ਸਾਕਾਰਾਤਮਕ ਰੁਚੀਆਂ ਨੂੰ ਪ੍ਰਗਟ ਕੀਤਾ ਗਿਆ ਹੈ। ਸੰਗ੍ਰਹਿ ਦੀ ਸ਼ੀਰਸ਼ਕ ਮਿੰਨੀ ਕਹਾਣੀ 'ਨਿਰਮੋਹੇ' ਵਿੱਚ ਵੀ ਇਹੋ ਜਿਹਾ ਸੰਦੇਸ਼ ਮਿਲਦਾ ਹੈ। ਇਸ ਵਿੱਚ ਇੱਕ ਵਿਆਹੀ ਹੋਈ ਲੜਕੀ ਆਪਣੇ ਭਰਾ-ਭਾਬੀ ਨੂੰ ਮਿਲਣ ਜਾਂਦੀ ਹੈ ਤਾਂ ਉਹ ਵੀ ਵਿਖਾਵੇ ਵਜੋਂ ਨਹੀਂ ਮਿਲਦੇ, ਸਗੋਂ ਬਹੁਤ ਮਾਣ-ਸਤਿਕਾਰ ਦਿੰਦੇ ਹਨ। ਉਹ ਕੁੜੀ ਆਪਣੇ ਭਰਾ-ਭਾਬੀ ਨੂੰ ਇਹੋ ਕਹਿੰਦੀ ਹੈ ਕਿ ਤੁਸੀਂ ਕਦੇ ਨਿਰਮੋਹੇ ਨਾ ਬਣਿਓ, ਹਮੇਸ਼ਾ ਮੇਰੇ ਨਾਲ ਮੋਹ-ਪਿਆਰ ਤੇ ਮੇਲ-ਮਿਲਾਪ ਰੱਖਿਓ।

ਮਹਿੰਦਰ ਸਿੰਘ ਮਾਨ ਦੀ ਇਹ ਖ਼ੂਬੀ ਹੈ ਕਿ ਉਹਨੇ ਕਿਸੇ ਵਿਅਕਤੀ/ਸਥਿਤੀ ਦੇ ਔਗੁਣਾਂ ਦੀ ਥਾਂ ਉਹਦੇ ਗੁਣਾਂ ਨੂੰ ਤਰਜੀਹ ਦਿੱਤੀ ਹੈ। ਇਸੇਲਈ ਇਸ ਸੰਗ੍ਰਹਿ ਦੀਆਂ ਸਾਰੀਆਂ ਮਿੰਨੀ ਕਹਾਣੀਆਂ ਦੀ ਦ੍ਰਿਸ਼ਟੀ ਅਗਾਂਹਵਧੂ ਹੈ। ਮਹਿੰਦਰ ਸਿੰਘ ਮਾਨ ਦੇ ਇਸ ਨਵ-ਪ੍ਰਕਾਸ਼ਿਤ ਮਿੰਨੀ ਕਹਾਣੀ ਸੰਗ੍ਰਹਿ ਦਾ ਪੰਜਾਬੀ ਸਾਹਿਤ ਵਿੱਚ ਨਿੱਘਾ ਸਵਾਗਤ ਹੈ ਤੇ ਲੇਖਕ ਤੋਂ ਆਗਾਮੀ ਸਮੇਂ ਵਿੱਚ ਹੋਰ ਸਾਰਥਕ ਤੇ ਚੰਗੇਰਾ ਲਿਖਣ ਦੀ ਭਰਪੂਰ ਉਮੀਦ ਹੈ।

# 1, ਲਤਾ ਗਰੀਨ ਐਨਕਲੇਵ, ਪਟਿਆਲਾ-147002 (9417692015)

# ਜਾਨਲੇਵਾ ਚਾਈਨਾ ਡੋਰ 'ਤੇ ਪਾਬੰਦੀ ਜਰੂਰੀ

ਭਾਰਤ ਵਿੱਚ ਪਤੰਗ ਉਡਾਉਣ ਦਾ ਰਿਵਾਜ ਨਵਾਂ ਨਹੀਂ ਸਗੋਂ ਇਹ ਹਜਾਰਾਂ ਸਾਲਾਂ ਤੋਂ ਚੱਲਿਆ ਆ ਰਿਹਾ ਹੈ। ਬਸੰਤ ਪੰਚਮੀ 'ਤੇ ਲਾਹੌਰ ਅਤੇ ਅਮ੍ਰਿਤਸਰ ਦੀ ਪਤੰਗਬਾਜੀ ਵੇਖਣ ਲਈ ਅਤੇ ਪਤੰਗਾ ਉਡਾਉਣ ਲਈ ਲੋਕ ਦੂਰ -ਦੁਰਾਡਿਓਂ ਖਾਸ ਤੌਰ 'ਤੇ ਆਉਂਦੇ ਹਨ ।ਗੁਜਰਾਤ ਵਿੱਚ ਵੀ ਪਤੰਗ ਉਡਾਉਣ ਦੇ ਮੁਕਾਬਲੇ ਹੁੰਦੇ ਹਨ ਪਰ ਇਸ ਗੱਲ 'ਤੇ ਹੈਰਾਨੀ ਹੁੰਦੀ ਹੈ ਕਿ ਭਾਰਤੀ ਡੋਰ ਦੇ ਨਾਲ ਅਸਮਾਨ ਵਿੱਚ ਛਾ ਜਾਣ ਵਾਲੇ ਪਤੰਗਬਾਜ ਹੁਣ ਕਿਸੇ ਸਾਜਿਸ਼ ਦੇ ਤਹਿਤ ਚੀਨੀ ਡੋਰ ਦੇ ਗੁਲਾਮ ਹੁੰਦੇ ਜਾ ਰਹੇ ।ਚੀਨ ਵੱਲੋਂ ਤਿਆਰ ਕੱਪੜਿਆਂ, ਮੋਬਾਇਲ ਅਤੇ ਬਿਜਲੀ ਦੇ ਸਮਾਨ ਨੇ ਸਾਡੀਆ ਵਪਾਰ ਮੰਡੀਆਂ 'ਤੇ ਕਬਜਾ ਕਰ ਲਿਆ ਹੈ ।ਹੁਣ ਤਾਂ ਹਾਲਾਤ ਇਹ ਹੋ ਗਏ ਹਨ ਕਿ ਦੀਵਾਲੀ ਵਾਲੇ ਦਿਨ ਲੋਕਾਂ ਦੇ ਘਰਾਂ ਦੇ ਬਾਹਰ ਦਾ ਚਾਨਣ ਅਤੇ ਘਰਾਂ ਦੇ ਅੰਦਰ ਦੀ ਪੂਜਾ ਸਭ ਚੀਨ ਤੋਂ ਬਣ ਕੇ ਆਈਆਂ ਬਿਜਲੀ ਦੀਆਂ ਲੜੀਆਂ ਅਤੇ ਮੂਰਤੀਆਂ ਨਾਲ ਹੋਣ ਲੱਗ ਪਈ ਹੈ। ਸਸਤੇ ਹੋਣ ਕਾਰਨ ਤੋਹਫਿਆਂ ਦੇ ਲੈਣ -ਦੇਣ ਵਿਚ ਵੀ ਚੀਨ ਤੋਂ ਬਣ ਕੇ ਆਈਆਂ ਵਸਤਾਂ ਦੀ ਜਿਆਦਾ ਵਰਤੋਂ ਕੀਤੀ ਜਾਂਦੀ ਹੈ ।ਇਸੇ ਕਾਰਨ ਭਾਰਤੀ ਵਪਾਰ ਅਤੇ ਵਪਾਰੀਆਂ ਦੀ ਆਮਦ 'ਤੇ ਮਾੜਾ ਪ੍ਰਭਾਵ ਪਿਆ ਹੈ ।ਹਾਲਾਂਕਿ ਡੋਕਲਾਮ ਵਿਵਾਦ ਅਤੇ ਚੀਨ ਦੀ ਸਰਹੱਦ 'ਤੇ ਛੇੜਖਾਨੀ ਤੋਂ ਬਾਅਦ ਸਾਡੇ ਲੋਕਾਂ ਨੂੰ ਥੋੜੀ ਅਕਲ ਆਈ ਹੈ ਅਤੇ ਇਨ੍ਹਾਂ ਨੇ ਚੀਨੀ ਸਮਾਨ ਦੀ ਵਰਤੋਂ ਘੱਟ ਕੀਤੀ ਹੈ ਪਰ ਫਿਰ ਵੀ ਸਾਡੇ ਮੁਲਕ ਵਿੱਚ ਚੀਨੀ ਸਮਾਨ ਦੀ ਖਰੀਦਦਾਰੀ ਜਾਰੀ ਹੀ ਹੈ ।ਹੁਣ ਚੀਨ ਤੋਂ ਬਣ ਕੇ ਆਉਣ ਵਾਲੀ ਚਾਈਨਾ ਡੋਰ ਵੀ ਖਤਰਨਾਕ ਸਾਬਤ ਹੋ ਰਹੀ ਹੈ। ਲਗਪਗ ਛੇ ਸਾਲ ਪਹਿਲਾ ਚਾਈਨਾ ਡੋਰ ਦੀ ਧਮਕ ਭਾਰਤੀ ਘਰਾਂ ਅਤੇ ਬਾਜਾਰਾਂ ਵਿੱਚ ਸੁਣਾਈ ਦਿੱਤੀ ਸੀ ।ਬੱਚੇ ਅਤੇ ਨੌਜੁਆਨ ਸਾਰੇ ਪਤੰਗ ਉਡਾਉਣ ਤੋਂ ਪਹਿਲਾਂ ਚਾਈਨਾ ਡੋਰ ਬੜੇ ਸ਼ੌਂਕ ਨਾਲ ਲਿਆਉਂਦੇ ਹਨ। ਹੋ ਸਕਦਾ ਕਿ ਸ਼ੁਰੂ-ਸ਼ੁਰੂ ਵਿੱਚ ਇਹ ਡੋਰ ਸਸਤੀ ਵਿਕਦੀ ਹੋਵੇ ਅਤੇ ਪਲਾਸਟਿਕ ਤੋਂ ਬਣੀ ਹੋਣ ਕਾਰਨ ਇਹ ਭਾਰਤੀ ਧਾਗੇ ਤੋਂ ਬਣੀ ਡੋਰ ਨਾਲ ਉੱਡ ਰਹੀਆਂ ਪਤੰਗਾ ਨੂੰ ਆਸਾਨੀ ਨਾਲ ਕੱਟਣ ਵਿੱਚ ਵਧੀਆ ਸਾਬਤ ਹੁੰਦੀ ਹੋਵੇ ਪਰ ਉਦੋਂ ਕਿਸੇ ਨੇ ਇਹ ਨਹੀਂ ਸੋਚਿਆ ਕਿ ਪਤੰਗ ਦੀ ਇਹ ਡੋਰ ਕਈ ਲੋਕਾਂ ਦੀ ਜਿੰਦਗੀ ਦੀ ਡੋਰ ਵੀ ਕੱਟ ਸਕਦੀ ਹੈ ਅਤੇ ਇਸ ਤੋਂ ਲੋਕਾਂ ਦੇ ਹੱਥ ਪੈਰ ਅਤੇ ਇਥੋਂ ਤੱਕ ਕਿ ਗਰਦਨ ਵੀ ਕੱਟ ਸਕਦੀ ਹੈ ।ਬਹੁਤ ਹੈਰਾਨੀ ਦੀ ਗੱਲ ਹੈ ਕਿ ਹੁੱਣ ਤੱਕ ਪੰਜਾਬ ਸਰਕਾਰ ਅਤੇ ਹੋਰ ਸੂਬਾ ਸਰਕਾਰਾਂ ਨੇ ਇਸ ਡੋਰ ਦੀ ਵਿਕਰੀ ਅਤੇ ਵਰਤੋਂ 'ਤੇ ਰੋਕ ਕਿਉਂ ਨਹੀਂ ਲਗਾਈ ? ਸਵਾਲ ਇਹ ਹੈ ਕਿ ਭਾਰਤ ਸਰਕਾਰ ਨੇ ਦੇਸ਼ ਵਿੱਚ ਐਨੀ ਖਤਰਨਾਕ ਵਸਤੂ ਆਉਣ ਤੋਂ ਕਿਉਂ ਨਹੀਂ ਰੋਕੀ ? ਕੀ ਸਰਕਾਰ ਇਸ ਗੱਲੋਂ ਅਨਜਾਣ ਹੈ ਕਿ ਬੱਚੇ ਅਤੇ ਨੌਜੂਆਨ ਇਸ ਦੀ ਵਰਤੋਂ ਕਾਰਨ ਜਖਮੀ ਹੋ ਚੁੱਕੇ ਹਨ ਅਤੇ ਇਸ ਦੇ ਨਾਲ ਹੀ ਕਿੰਨੇ ਹੀ ਪੰਛੀ ਅਤੇ ਪਸ਼ੂ ਵੀ ਇਸ ਦਾ ਸ਼ਿਕਾਰ ਹੋ ਚੁੱਕੇ ਹਨ ? ਇਸ ਤੋਂ ਇਲਾਵਾ ਬਿਜਲੀ ਵਿਭਾਗ ਦੇ ਮੁਲਾਜਮ ਅਤੇ ਇੰਜੀਨੀਅਰ ਵੀ ਇਸ ਡੋਰ ਤੋਂ ਪ੍ਰੇਸ਼ਾਨ ਹਨ ।ਇਸ ਡੋਰ ਕਾਰਨ ਬਿਜਲੀ ਮਹਿਕਮੇ ਨੂੰ ਬਹੁਤ ਸਾਰੀਆਂ ਮੁਸ਼ਕਲਾ ਪੇਸ਼ ਆ ਰਹੀਆ ਹਨ। ਨਮੀਂ ਦੇ ਮੌਸਮ 'ਚ ਇਸ ਡੋਰ ਤੋਂ ਕਰੰਟ ਪੈਦਾ ਹੁੰਦਾ ਹੈ ਜਿਸ ਨਾਲ ਜਾਨ ਜਾਣ ਦਾ ਖਤਰਾ ਹਮੇਸ਼ਾ ਬਣਿਆ ਰਹਿੰਦਾ ਹੈ। ਇਹੀ ਨਹੀਂ ਬਲਕਿ ਇਸ ਕਾਰਨ ਕਈ ਵਾਰ ਸ਼ਾਰਟ ਸਰਕਟ ਦੀ ਸਮੱਸਿਆ ਵੀ ਆਉਂਦੀ ਹੈ,ਬਿਜਲੀ ਨਿਗਮ ਦੇ ਕੁਝ ਅਧਿਕਾਰੀਆਂ ਨੇ ਆਪਣੇ -ਆਪਣੇ ਖੇਤਰ ਦੇ ਡਿਪਟੀ ਕਮੀਸ਼ਨਰਾਂ ਨਾਲ ਵੀ ਇਸ ਵਿਸ਼ੇ ਸਬੰਧੀ ਚਰਚਾ ਕੀਤੀ ਹੈ ਪਰ ਫਿਰ ਵੀ ਕਿਤੇ ਵੀ ਚਾਈਨਾ ਡੋਰ 'ਤੇ ਰੋਕ ਨਹੀਂ ਲਗਾਈ ਗਈ ।ਜਾਣਕਾਰੀ ਮੁਤਾਬਕ ਚਾਈਨਾ ਡੋਰ ਕਾਰਨ ਬਿਜਲੀ ਦੀਆਂ ਤਾਰਾਂ ਦੀ ਮੁਰੰਮਤ ਵਿੱਚ ਕਾਫੀ ਮੁਸ਼ਕਲ ਆਉਂਦੀ ਹੈ। ਭਾਰਤ ਸਰਕਾਰ ਇਸ ਜਾਨਲੇਵਾ ਵਸਤੂ ਨੂੰ ਦੇਸ਼ ਵਿੱਚ ਕਿਉਂ ਆਉਣ ਦੇ ਰਹੀ ਹੈ ?ਪਤੰਗ ਤਾਂ ਸਾਰੇ ਦੇਸ਼ ਵਿੱਚ ਹੀ ਉੜਾਈ ਜਾਂਦੀ ਹੈ ਅਤੇ ਚੀਨ ਤੋਂ ਆਈਆਂ ਵਸਤੂਆਂ ਪੂਰੇ ਦੇਸ਼ ਵਿੱਚ ਹੀ ਵਿਕਦੀਆਂ ਹਨ।

# ਪੂਜਾ, ਪ੍ਰਾਰਥਨਾ, ਸੇਵਾ ਅਤੇ ਅਧਿਆਤਮਿਕਤਾ: ਰਾਜਨੀਤਿਕ ਦਖਲਅੰਦਾਜ਼ੀ ਤੋਂ ਉੱਪਰ ਉੱਠਣ ਲਈ ਵਿਸ਼ਵਵਿਆਪੀ ਜ਼ਰੂਰੀ

ਵਿਸ਼ਵ ਪੱਧਰ 'ਤੇ ਆਧੁਨਿਕ ਸੰਸਾਰ ਦਾ ਸਭ ਤੋਂ ਵੱਡਾ ਵਿਰੋਧਾਭਾਸ ਇਹ ਹੈ ਕਿ ਜਦੋਂ ਕਿ ਵਿਗਿਆਨ, ਤਕਨਾਲੋਜੀ ਅਤੇ ਭੌਤਿਕ ਤਰੱਕੀ ਨੇ ਮਨੁੱਖੀ ਜੀਵਨ ਨੂੰ ਬੇਮਿਸਾਲ ਉਚਾਈਆਂ 'ਤੇ ਪਹੁੰਚਾਇਆ ਹੈ, ਮਨੁੱਖਤਾ ਦੀ ਅੰਦਰੂਨੀ ਦੁਨੀਆ ਅਸਥਿਰਤਾ, ਅਨਿਸ਼ਚਿਤਤਾ ਅਤੇ ਵੰਡ ਨਾਲ ਜਕੜੀ ਹੋਈ ਹੈ। ਅਜਿਹੇ ਸਮੇਂ, ਪੂਜਾ,ਪ੍ਰਾਰਥਨਾ, ਸੇਵਾ ਅਤੇ ਅਧਿਆਤਮਿਕਤਾ ਮਨੁੱਖੀ ਮਨ ਵਿੱਚ ਸੰਤੁਲਨ, ਦਇਆ ਅਤੇ ਸ਼ਾਂਤੀ ਦੀ ਨੀਂਹ ਬਣ ਜਾਣੀ ਚਾਹੀਦੀਸੀ। ਪਰ ਵਿਅੰਗਾਤਮਕ ਤੌਰ 'ਤੇ, ਅੱਜ, ਇਨ੍ਹਾਂ ਹੀ ਅਧਿਆਤਮਿਕ ਖੇਤਰਾਂ ਵਿੱਚ ਰਾਜਨੀਤਿਕ ਦਖਲਅੰਦਾਜ਼ੀ ਵਧ ਰਹੀ ਹੈ। ਅਧਿਆ ਤਮਿਕਤਾ ਦਾ ਰਾਜਨੀਤੀਕਰਨ ਵਿਸ਼ਵ ਪੱਧਰ 'ਤੇ ਡੂੰਘੀ ਚਿੰਤਾ ਦਾ ਵਿਸ਼ਾ ਬਣ ਗਿਆ ਹੈ,ਕਿਉਂਕਿ ਇਹ ਨਾ ਸਿਰਫ਼ ਵਿਅਕਤੀਗਤ ਆਜ਼ਾਦੀ ਨੂੰ ਪ੍ਰਭਾਵਿਤ ਕਰਦਾ ਹੈ, ਸਗੋਂ ਸਮਾਜਿਕ ਏਕਤਾ, ਧਾਰਮਿਕ ਸਦਭਾਵਨਾ ਅਤੇ ਲੋਕਤੰਤਰੀ ਵਿਵਸਥਾ ਨੂੰ ਵੀ ਕਮਜ਼ੋਰ ਕਰਦਾ ਹੈ। ਇਸ ਲਈ, ਪੂਜਾ ਅਤੇ ਪ੍ਰਾਰਥਨਾ ਸੇਵਾਵਾਂ ਨੂੰ ਮਨੋਰੰਜਨ, ਪ੍ਰਚਾਰ ਜਾਂ ਰਾਜਨੀਤਿਕ ਲਾਭ ਦੇ ਸਾਧਨ ਵਜੋਂ ਪੇਸ਼ ਕਰਨ ਦੀ ਪ੍ਰਵਿਰਤੀ ਨੂੰ ਰੋਕਣਾ ਅਤੇ ਅਧਿਆਤਮਿਕਤਾ ਦੀ ਪਵਿੱਤਰਤਾ ਨੂੰ ਬਹਾਲ ਕਰਨਾ ਜ਼ਰੂਰੀ ਹੈ। ਮੈਂ, ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਦੁਨੀਆ ਦੀਆਂ ਲਗਭਗ ਸਾਰੀਆਂ ਧਾਰਮਿਕ ਅਤੇ ਅਧਿਆਤਮਿਕ ਪਰੰਪਰਾਵਾਂ - ਹਿੰਦੂ ਧਰਮ, ਬੁੱਧ ਧਰਮ, ਈਸਾਈ ਧਰਮ, ਇਸਲਾਮ, ਯਹੂਦੀ ਧਰਮ, ਤਾਓ ਧਰਮ ਅਤੇ ਸ਼ਿੰਟੋ - ਪੂਜਾ ਨੂੰ ਇੱਕ ਅੰਦਰੂਨੀ ਪ੍ਰਕਿਰਿਆ ਮੰਨਦੇ ਹਨ। ਹਿੰਦੂ ਦਰਸ਼ਨ ਵਿੱਚ, ਪੂਜਾ ਮਨ, ਬੁੱਧੀ ਅਤੇ ਚੇਤਨਾ ਨੂੰ ਸ਼ੁੱਧ ਕਰਨ ਦਾ ਇੱਕ ਸਾਧਨ ਹੈ, ਨਾ ਕਿ ਸਿਰਫ਼ ਇੱਕ ਗਤੀਵਿਧੀ। ਬੋਧੀ ਪਰੰਪਰਾ ਵਿੱਚ, ਪੂਜਾ ਪੂਜਾ 'ਤੇ ਕੇਂਦ੍ਰਿਤ ਨਹੀਂ ਹੈ, ਸਗੋਂ ਮਨ ਦੀਆਂ ਅਸ਼ੁੱਧੀਆਂ ਨੂੰ ਸ਼ਾਂਤ ਕਰਨ ਦੇ ਉਦੇਸ਼ ਨਾਲ ਚੇਤਨਾ ਅਤੇ ਧਿਆਨ 'ਤੇ ਕੇਂਦ੍ਰਿਤ ਹੈ। ਇਸਲਾਮ ਵਿੱਚ, ਪ੍ਰਾਰਥਨਾ ਮਨੋਰੰਜਨ ਨਹੀਂ ਹੈ, ਸਗੋਂ ਨਿਮਰਤਾ ਦੀ ਸਿਖਲਾਈ ਹੈ। ਈਸਾਈ ਪ੍ਰਾਰਥਨਾ ਨੂੰ ਅਧਿਆਤਮਿਕ ਸੰਵਾਦ ਕਿਹਾ ਜਾਂਦਾ ਹੈ, ਜਿੱਥੇ ਅੰਦਰੂਨੀ ਸ਼ੁੱਧਤਾ ਨੂੰ ਬਾਹਰੀ ਸ਼ਾਨ ਨਾਲੋਂ ਵੱਧ ਮਹੱਤਵ ਦਿੱਤਾ ਜਾਂਦਾ ਹੈ। ਯਾਨੀ ਕਿ, ਸਾਰਾ ਸੰਸਾਰ ਮੰਨਦਾ ਹੈ ਕਿ ਪੂਜਾ ਕੋਈ ਪ੍ਰੋਗਰਾਮ ਜਾਂ ਤਿਉਹਾਰ ਨਹੀਂ ਹੈ, ਸਗੋਂ ਇੱਕ ਅੰਦਰੂਨੀ ਯਾਤਰਾ ਹੈ, ਆਪਣੇ ਆਪ ਨੂੰ ਜਾਣਨ, ਆਪਣੇ ਆਪ ਨੂੰ ਸੁਧਾਰਨ ਅਤੇ ਆਪਣੇ ਆਪ ਨੂੰ ਪਰਮਾਤਮਾ ਜਾਂ ਬ੍ਰਹਿਮੰਡੀ ਚੇਤਨਾ ਨਾਲ ਜੋੜਨ ਲਈ।

ਦੋਸਤੋ, ਸਭਿਅਤਾ ਦੇ ਵਿਕਾਸ ਵਿੱਚ, ਪੂਜਾ, ਧਿਆਨ, ਪ੍ਰਾਰਥਨਾ ਅਤੇ ਅਧਿਆਤਮਿਕ ਅਭਿਆਸ ਸਿਰਫ਼ ਧਾਰਮਿਕ ਰਸਮਾਂ ਨਹੀਂ ਰਹੇ ਹਨ, ਸਗੋਂ ਮਨੁੱਖ ਦੇ ਅੰਦਰੂਨੀ ਸੰਤੁਲਨ, ਮਾਨਸਿਕ ਅਨੁਸ਼ਾਸਨ ਅਤੇ ਸਮਾਜਿਕ ਨੈਤਿਕਤਾ ਨੂੰ ਬਣਾਉਣ ਵਿੱਚ ਬਹੁਤ ਮਹੱਤਵਪੂਰਨ ਥੰਮ ?ਹਾਂ ਵਜੋਂ ਵਿਕਸਤ ਹੋਏ ਹਨ। ਪਰ ਅੱਜ ਦੇ ਡਿਜੀਟਲ ਯੁੱਗ, ਤੇਜ਼ ਵਪਾਰੀਕਰਨ, ਉਪਭੋਗਤਾਵਾਦ ਅਤੇ ਮਨੋਰੰਜਨ-ਮੁਖੀ ਸੱਭਿਆਚਾਰ ਵਿੱਚ, ਪੂਜਾ ਦੇ ਅਸਲ ਰੂਪ ਦੇ ਸਾਹਮਣੇ ਸਭ ਤੋਂ ਵੱਡਾ ਖ਼ਤਰਾ ਇਹ ਹੈ ਕਿ ਇਸਨੂੰ ਅਣਜਾਣੇ ਵਿੱਚ ਮਨੋਰੰਜਨ, ਜਸ਼ਨ, ਪ੍ਰਦਰਸ਼ਨੀ ਜਾਂ ਦਿਖਾਵੇ ਵਜੋਂ ਦੇਖਿਆ ਜਾਣ ਲੱਗਾ ਹੈ। ÷ਪੂਜਾ, ਪ੍ਰਾਰਥਨਾ ਅਤੇ ਸੇਵਾ ਮਨੋਰੰਜਨ ਨਹੀਂ ਹਨ।÷ ਇਹ ਪੰਕਤੀ ਸਿਰਫ਼ ਧਾਰਮਿਕ ਚੇਤਨਾ ਨੂੰ ਬਹਾਲ ਕਰਨ ਦਾ ਸੱਦਾ ਨਹੀਂ ਹੈ, ਸਗੋਂ 21ਵੀਂ ਸਦੀ ਦੀ ਮਨੁੱਖੀ ਸਭਿਅਤਾ ਲਈ ਇੱਕ ਨੈਤਿਕ ਮਾਰਗਦਰਸ਼ਕ ਵੀ ਹੈ: ਅਧਿਆਤਮਿਕਤਾ ਅਤੇ ਬਾਜ਼ਾਰ, ਵਿਸ਼ਵਾਸ ਅਤੇ ਮਨੋਰੰਜਨ, ਅਭਿਆਸ ਅਤੇ ਪ੍ਰਦਰਸ਼ਨ, ਸਮਾਜ ਦੀ ਮਾਨਸਿਕ ਸਿਹਤ, ਸੱਭਿਆਚਾਰਕ ਸ਼ੁੱਧਤਾ ਅਤੇ ਅਧਿਆਤਮਿਕ ਅਨੁਸ਼ਾਸਨ ਵਿਚਕਾਰ ਸੀਮਾਵਾਂ ਨੂੰ ਸਮਝੇ ਬਿਨਾਂ ਲੰਬੇ ਸਮੇਂ ਵਿੱਚ ਸੁਰੱਖਿਅਤ ਨਹੀਂ ਕੀਤਾ ਜਾ ਸਕਦਾ।

ਦੋਸਤੋ, ਜੇਕਰ ਅਸੀਂ ਇਹ ਮੰਨਦੇ ਹਾਂ ਕਿ ਪੂਜਾ, ਪ੍ਰਾਰਥਨਾ ਅਤੇ ਸੇਵਾ ਮਨੋਰੰਜਨ ਨਹੀਂ ਹਨ: ਇਹ ਪਵਿੱਤਰਤਾ ਦੀ ਆਤਮਾ ਹਨ, ਤਾਂ ਪੂਜਾ, ਪ੍ਰਾਰਥਨਾ ਅਤੇ ਸੇਵਾ ਕਦੇ ਵੀ ਕਿਸੇ ਵੀ ਧਰਮ ਜਾਂ ਸੱਭਿਆਚਾਰ ਵਿੱਚ ਆਨੰਦ ਜਾਂ ਮਨੋਰੰਜਨ ਦਾ ਸਾਧਨ ਨਹੀਂ ਰਹੇ ਹਨ। ਪ੍ਰਾਚੀਨ ਸਭਿਅਤਾਵਾਂ ਤੋਂ ਲੈ ਕੇ ਆਧੁਨਿਕ ਧਾਰਮਿਕ ਪਰੰਪਰਾਵਾਂ ਤੱਕ, ਪੂਜਾ ਦਾ ਉਦੇਸ਼ ਮਨੁੱਖ ਨੂੰ ਉਸਦੇ ਹਉਮੈ, ਇੱਛਾਵਾਂ ਅਤੇ ਭਰਮਾਂ ਤੋਂ ਉੱਪਰ ਚੁੱਕਣਾ ਰਿਹਾ ਹੈ। ਪੂਜਾ ਵਿੱਚ ਇਕਾਂਤ, ਅਨੁਸ਼ਾਸਨ ਅਤੇ ਮਨ ਦੀ ਸ਼ੁੱਧਤਾ ਸ਼ਾਮਲ ਹੈ, ਜਦੋਂ ਕਿ ਮਨੋਰੰਜਨ ਸੁਭਾਵਿਕ ਤੌਰ 'ਤੇ ਹਲਕਾਪਨ, ਥੋੜ੍ਹੇ ਸਮੇਂ ਲਈ ਅਤੇ ਬਾਹਰੀ ਉਤੇਜਨਾ 'ਤੇ ਅਧਾਰਤ ਹੈ। ਅੱਜ, ਜਦੋਂ ਧਾਰਮਿਕ ਰਸਮਾਂ ਨੂੰ ਕਈ ਥਾਵਾਂ 'ਤੇ ਸੰਗੀਤਕ ਤਿਉਹਾਰਾਂ, ਭੀੜ-ਭੜੱਕੇ ਵਾਲੇ ਸਮਾਗਮਾਂ, ਜਾਂ ਦਿਖਾਵੇ ਵਾਲੇ ਮੁਕਾਬਲਿਆਂ ਵਿੱਚ ਬਦਲਿਆ ਜਾ ਰਿਹਾ ਹੈ, ਤਾਂ ਪੂਜਾ ਆਪਣਾ ਅਸਲ ਅਰਥ ਗੁਆਉਣਾ ਸ਼ੁਰੂ ਕਰ ਦਿੰਦੀ ਹੈ।ਪੂਜਾ ਦਾ ਉਦੇਸ਼ ਆਤਮ-ਨਿਰੀਖਣ ਅਤੇ ਅਧਿਆਤਮਿਕ ਉਚਾਈ ਹੈ, ਭੀੜ ਇਕੱਠੀ ਕਰਕੇ ਪ੍ਰਸਿੱਧੀ ਪ੍ਰਾਪਤ ਕਰਨਾ ਨਹੀਂ। ਪੂਜਾ ਜਾਂ ਪ੍ਰਾਰਥਨਾ ਸੇਵਾਵਾਂ ਨੂੰ ਮਨੋਰੰਜਨ ਦੇ ਪੱਧਰ ਤੱਕ ਘਟਾਉਣ ਨਾਲ ਸਮਾਜ ਵਿੱਚ ਦੋ ਗੰਭੀਰ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਪਹਿਲਾ, ਧਾਰਮਿਕ ਭਾਵਨਾਵਾਂ ਦਾ ਵਪਾਰੀਕਰਨ ਵਧਦਾ ਹੈ, ਜਿਸ ਨਾਲ ਸਜਾਵਟ, ਸ਼ਾਨ ਅਤੇ ਤਕਨੀਕੀ ਪ੍ਰਦਰਸ਼ਨ 'ਤੇ ਕੇਂਦ੍ਰਿਤ ਸਮਾਰੋਹ ਹੁੰਦੇ ਹਨ। ਦੂਜਾ, ਇਹ ਧਰਮ ਨੂੰ ਭਾਈਚਾਰਕ ਪਛਾਣ ਦਾ ਪ੍ਰਦਰਸ਼ਨ ਕਰਨ ਦੇ ਸਾਧਨ ਵਿੱਚ ਬਦਲ ਦਿੰਦਾ ਹੈ, ਜਿਸ ਨਾਲ ਵੰਡ ਅਤੇ ਮੁਕਾਬਲਾ ਹੁੰਦਾ ਹੈ। ਜੇਕਰ ਪੂਜਾ ਅੰਦਰੂਨੀ ਸ਼ਾਂਤੀ ਦਾ ਸਰੋਤ ਹੈ, ਤਾਂ ਸਮਾਜ ਸ਼ਾਂਤਮਈ ਬਣ ਜਾਂਦਾ ਹੈ, ਪਰ ਜੇਕਰ ਇਸਨੂੰ ਭੀੜ-ਸੰਚਾਲਿਤ ਮਨੋਰੰਜਨ ਵਿੱਚ ਬਦਲ ਦਿੱਤਾ ਜਾਵੇ, ਤਾਂ ਇਹ ਤਣਾਅ ਅਤੇ ਵੰਡ ਨੂੰ ਵਧਾਉਂਦਾ ਹੈ।




ਨਿਊਜ਼ਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਐਡਵੋਕੇਟ ਕਿਸ਼ਨ ਸਨਮੁਖਦਾਸ ਭਵਾਨੀ
ਗੋਂਡੀਆ ਮਹਾਰਾਸ਼ਟਰ
9226229318

ਦੋਸਤੋ, ਜੇਕਰ ਅਸੀਂ 21ਵੀਂ ਸਦੀ ਦੀ ਨਵੀਂ ਚੁਣੌਤੀ, ਪੂਜਾ ਅਤੇ ਮਨੋਰੰਜਨ ਦੇ ਮਿਸ਼ਰਣ 'ਤੇ ਵਿਚਾਰ ਕਰੀਏ, ਤਾਂ ਇੰਟਰਨੈੱਟ, ਗਲੋਬਲ ਮੀਡੀਆ, ਸਮਾਰਟਫੋਨ ਅਤੇ ਸੋਸ਼ਲ ਨੈੱਟਵਰਕ ਨੇ ਤੇਜ਼ੀ ਨਾਲ ਧਰਮ ਅਤੇ ਪੂਜਾ ਨੂੰ ਸਿਰਫ਼ ਮਨੋਰੰਜਨ ਦੀਆਂ ਵਸਤੂਆਂ ਵਿੱਚ ਬਦਲ ਦਿੱਤਾ ਹੈ।ਮੰਦਰਾਂ, ਗਿਰਜਾਘਰਾਂ, ਮਸਜਿਦਾਂ ਅਤੇ ਗੁਰਦੁਆਰਿਆਂ ਤੋਂ ਲਾਈਵਸਟ ?ਰੀਮਾਂ, ਰੀਲਾਂ, ਵੀਲੌਗ, ਜਨਤਕ ਚੁਣੌਤੀਆਂ, ਵਾਇਰਲ ਭਗਤੀ ਗੀਤ, ਡਾਂਸ ਵੀਡੀਓ ਅਤੇ ਭਗਤੀ ਸਮੱਗਰੀ ਦੇ ਵਪਾਰ ਨੇ ਪੂਜਾ ਦੇ ਤੱਤ ਦਾ ਵਪਾਰੀਕਰਨ ਕਰ ਦਿੱਤਾ ਹੈ। ਅੱਜ, ਅਧਿਆਤਮਿਕ ਸਥਿਤੀ ਸ਼ਰਧਾਲੂਆਂ ਦੀ ਗਿਣਤੀ ਦੁਆਰਾ ਨਹੀਂ, ਸਗੋਂ ਦ੍ਰਿਸ਼ਾਂ ਅਤੇ ਅਨੁਯਾਈਆਂ ਦੀ ਗਿਣਤੀ ਦੁਆਰਾ ਮਾਪੀ ਜਾਂਦੀ ਹੈ। ਧਿਆਨ ਦਾ ਇੱਕ ਇਕਾਂਤ ਸਥਾਨ ਹੋਣ ਦੀ ਬਜਾਏ, ਪੂਜਾ ਘਰ ਸਟੇਜ ਲਾਈਟਾਂ, ਆਵਾਜ਼ ਵਾਲੇ ਡੀਜੇ ਅਤੇ ਡਿਜੀਟਲ ਸ਼ੋਅ ਦਾ ਸਥਾਨ ਬਣ ਰਿਹਾ ਹੈ। ਇਹ ਤਬਦੀਲੀ ਨਾ ਸਿਰਫ਼ ਭਾਰਤ ਵਿੱਚ, ਸਗੋਂ ਸੰਯੁਕਤ ਰਾਜ, ਜਾਪਾਨ, ਦੱਖਣੀ ਕੋਰੀਆ, ਅਫਰੀਕਾ, ਯੂਰਪ ਅਤੇ ਲਾਤੀਨੀ ਅਮਰੀਕਾ ਵਿੱਚ ਵੀ ਸਪੱਸ਼ਟ ਹੈ, ਜਿੱਥੇ ਧਾਰਮਿਕ ਪ੍ਰੋਗਰਾਮਾਂ ਦੀ ਪੇਸ਼ਕਾਰੀ ਤੇਜ਼ੀ ਨਾਲ ਗਲੈਮਰਸ ਮਨੋਰੰਜਨ ਨੂੰ ਸ਼ਾਮਲ ਕਰ ਰਹੀ ਹੈ। 21ਵੀਂ ਸਦੀ ਵਿੱਚ, ਵਿਸ਼ਵੀਕਰਨ, ਡਿਜੀਟਲ ਯੁੱਗ ਅਤੇ ਰਾਜਨੀਤਿਕ ਧਰੁਵੀਕਰਨ ਨੇ ਧਾਰਮਿਕ ਪਛਾਣ ਨੂੰ ਰਾਜਨੀਤਿਕ ਲਾਭ ਲਈ ਇੱਕ ਆਸਾਨ ਸਾਧਨ ਬਣਾ ਦਿੱਤਾ ਹੈ। ਦੁਨੀਆ ਭਰ ਦੇ ਬਹੁਤ ਸਾਰੇ ਦੇਸ਼ਾਂ ਵਿੱਚ, ਚੋਣਾਂ, ਸ਼ਕਤੀ ਸਮੀਕਰਨਾਂ, ਜਨਤਕ ਨੀਤੀਆਂ ਅਤੇ ਸਮਾਜਿਕ ਏਜੰਡਿਆਂ ਵਿੱਚ ਅਧਿਆਤਮਿਕਤਾ ਦੇ ਨਾਮ 'ਤੇ ਜਨਤਕ ਰਾਏ ਨੂੰ ਪ੍ਰਭਾਵਿਤ ਕਰਨ ਦੀ ਪ੍ਰਵਿਰਤੀ ਤੇਜ਼ੀ ਨਾਲ ਵਧੀ ਹੈ। ਇਹ ਰੁਝਾਨ ਕਿਸੇ ਇੱਕ ਦੇਸ਼ ਜਾਂ ਧਰਮ ਲਈ ਖਾਸ ਸਮੱਸਿਆ ਨਹੀਂ ਹੈ; ਸਗੋਂ, ਇਹ ਇੱਕ ਵਿਸ਼ਵਵਿਆਪੀ ਚੇਤਾਵਨੀ ਹੈ ਕਿ ਜੇਕਰ ਰਾਜਨੀਤੀ ਅਧਿਆਤਮਿਕ ਖੇਤਰਾਂ ਵਿੱਚ ਦਾਖਲ ਹੁੰਦੀ ਹੈ, ਤਾਂ ਇਹ ਲੋਕਾਂ ਦੀਆਂ ਭਾਵਨਾਵਾਂ ਨੂੰ ਹਥਿਆਰ ਬਣਾ ਕੇ ਲੋਕਤੰਤਰ ਦੀ ਆਤਮਾ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਜਦੋਂ ਰਾਜਨੀਤਿਕ ਤਾਕਤਾਂ ਧਾਰਮਿਕ ਚਿੰਨ੍ਹਾਂ, ਪੂਜਾ ਸਥਾਨਾਂ, ਜਾਂ ਅਧਿਆਤਮਿਕ ਸੰਸਥਾਵਾਂ ਨੂੰ ਆਪਣੇ ਪ੍ਰਚਾਰ ਲਈ ਵਰਤਦੀਆਂ ਹਨ, ਤਾਂ ਉਹ ਅਧਿਆਤਮਿ ਕਤਾ ਦੀ ਸਰਵਵਿਆਪੀਤਾ ਨੂੰ ਸੀਮਤ ਕਰਦੀਆਂ ਹਨ। ਅਧਿਆਤਮਿਕਤਾ ਦਾ ਮੂਲ ਸੁਭਾਅ ਸਮਾਵੇਸ਼ੀ ਹੈ; ਇਹ ਲੋਕਾਂ ਨੂੰ ਮਨੁੱਖਤਾ ਦੇ ਉੱਚ ਸਿਧਾਂਤਾਂ ਨਾਲ ਜੋੜਦਾ ਹੈ, ਨਾ ਕਿ ਕਿਸੇ ਪਾਰਟੀ, ਸਮੂਹ ਜਾਂ ਵਿਚਾਰਧਾਰਾ ਨਾਲ। ਇੱਕ ਆਧੁਨਿਕ ਸੰਸਾਰ ਵਿੱਚ ਜਿੱਥੇ ਨਕਲੀ ਬੁੱਧੀ, ਰੋਬੋਟਿਕਸ ਅਤੇ ਤਕਨੀਕੀ ਤਰੱਕੀ ਮਨੁੱਖਾਂ ਨੂੰ ਉਨ੍ਹਾਂ ਦੇ ਅਸਲ ਸਵੈ ਤੋਂ ਦੂਰ ਕਰ ਰਹੀ ਹੈ, ਅਧਿਆਤਮਿਕਤਾ ਦੀ ਭੂਮਿਕਾ ਵਧਦੀ ਹੈ। ਪਰ ਜਦੋਂ ਇਹੀ ਅਧਿਆਤਮਿਕਤਾ ਸ਼ਕਤੀ ਦਾ ਸਾਧਨ ਬਣ ਜਾਂਦੀ ਹੈ, ਤਾਂ ਇਹ ਆਪਣੇ ਮੂਲ ਉਦੇਸ਼ - ਮਨੁੱਖੀ ਭਲਾਈ ਅਤੇ ਅੰਦਰੂਨੀ ਸ਼ਾਂਤੀ ਤੋਂ ਭਟਕ ਜਾਂਦੀ ਹੈ।ਇਸ ਲਈ, ਆਧੁਨਿਕ ਯੁੱਗ ਵਿੱਚ ਅਧਿਆਤਮਿ ਕਤਾ ਨੂੰ ਰਾਜਨੀਤੀਕਰਨ ਤੋਂ ਬਚਾਉਣਾ ਨਾ ਸਿਰਫ਼ ਧਾਰਮਿਕ ਆਜ਼ਾਦੀ ਦਾ ਸਵਾਲ ਹੈ, ਸਗੋਂ ਮਨੁੱਖੀ ਅਧਿਕਾਰਾਂ, ਲੋਕਤੰਤਰ ਅਤੇ ਵਿਸ਼ਵਵਿਆਪੀ ਸਮਾਜਿਕ ਸਥਿਰਤਾ ਦਾ ਵੀ ਸਵਾਲ ਹੈ। ਰਾਜਨੀਤੀਕਰਨ ਨੂੰ ਰੋਕਣ ਦਾ ਮਤਲਬ ਇਹ ਨਹੀਂ ਹੈ ਕਿ ਧਾਰਮਿਕ ਭਾਈਚਾਰਿਆਂ ਨੂੰ ਸਮਾਜਿਕ ਮੁੱਦਿਆਂ 'ਤੇ ਬੋਲਣਾ ਨਹੀਂ ਚਾਹੀਦਾ; ਸਗੋਂ, ਇਸਦਾ ਮਤਲਬ ਹੈ ਕਿ ਪੂਜਾ ਨੂੰ ਰਾਜਨੀਤਿਕ ਟੀਚਿਆਂ, ਚੋਣ ਲਾਭਾਂ, ਜਾਂ ਨੀਤੀਗਤ ਲਾਭ ਨੂੰ ਪ੍ਰਾਪਤ ਕਰਨ ਦੇ ਸਾਧਨ ਵਜੋਂ ਨਹੀਂ ਵਰਤਿਆ ਜਾਣਾ ਚਾਹੀਦਾ।

ਦੋਸਤੋ, ਜੇਕਰ ਅਸੀਂ ਅਧਿਆਤਮਿਕਤਾ ਵਿੱਚ ਰਾਜਨੀਤੀ ਦੀ ਘੁਸਪੈਠ 'ਤੇ ਵਿਚਾਰ ਕਰੀਏ: ਵਿਸ਼ਵਵਿਆਪੀ ਦ੍ਰਿਸ਼ਟੀਕੋਣ ਤੋਂ ਇੱਕ ਖ਼ਤਰਾ, ਰਾਜਨੀਤੀ 'ਤੇ ਅਧਿਆਤਮਿਕਤਾ ਦੀ ਪਕੜ ਜਿੰਨੀ ਡੂੰਘੀ ਹੁੰਦੀ ਹੈ, ਓਨਾ ਹੀ ਲੋਕਤੰਤਰ ਕਮਜ਼ੋਰ ਹੁੰਦਾ ਜਾਂਦਾ ਹੈ, ਕਿਉਂਕਿ ਵਿਅਕਤੀਗਤ ਵਿਸ਼ਵਾਸ ਰਾਜਨੀਤਿਕ ਵਾਅਦਿਆਂ ਅਤੇ ਪ੍ਰਚਾਰ ਮਸ਼ੀਨਾਂ ਦਾ ਵਿਸ਼ਾ ਬਣ ਜਾਂਦਾ ਹੈ। ਪਿਛਲੇ ਕੁਝ ਦਹਾਕਿਆਂ ਤੋਂ, ਦੁਨੀਆ ਭਰ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਇਹ ਦੇਖਿਆ ਗਿਆ ਹੈ ਕਿ ਰਾਜਨੀਤਿਕ ਪਾਰਟੀਆਂ ਜਨਤਕ ਰਾਏ ਨੂੰ ਪ੍ਰਭਾਵਿਤ ਕਰਨ ਲਈ ਅਧਿਆਤਮਿਕ ਨੇਤਾਵਾਂ, ਧਾਰਮਿਕ ਸੰਸਥਾਵਾਂ ਅਤੇ ਭਾਈਚਾਰਕ ਵਿਸ਼ਵਾਸਾਂ ਦੀ ਵਰਤੋਂ ਕਰਦੀਆਂ ਹਨ। ਇਸ ਨਾਲ ਅਧਿਆਤਮਿਕ ਸੰਸਥਾਵਾਂ ਆਪਣੀ ਨਿਰਪੱਖਤਾ ਗੁਆ ਬੈਠਦੀਆਂ ਹਨ, ਅਤੇ ਧਰਮ ਦੀ ਵਰਤੋਂ ਵਿਗਿਆਨਕ, ਸਮਾਜਿਕ ਜਾਂ ਆਰਥਿਕ ਹਕੀਕਤਾਂ ਤੋਂ ਧਿਆਨ ਭਟਕਾਉਣ ਲਈ ਕੀਤੀ ਜਾਂਦੀ ਹੈ। ਰਾਜਨੀਤੀ ਦੇ ਘੁਸਪੈਠ ਤੋਂ ਅਧਿਆਤਮਿਕਤਾ ਨੂੰ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਇਹ ਮਨੁੱਖਤਾ ਨੂੰ ਵੰਡਣ ਵਾਲੀਆਂ ਰੇਖਾਵਾਂ ਨੂੰ ਡੂੰਘਾ ਕਰਦਾ ਹੈ। ਅਧਿਆਤਮਿਕਤਾ ਦਾ ਅਸਲ ਉਦੇਸ਼ ਮਨੁੱਖਤਾ ਨੂੰ ਆਪਣੀ ਅੰਦਰੂਨੀ ਏਕਤਾ ਨਾਲ ਜੋੜਨਾ ਹੈ, ਪਰ ਰਾਜਨੀਤੀ ਆਪਣੀ ਪਛਾਣ ਨੂੰ ਸਮੂਹਾਂ, ਜਾਤਾਂ, ਸੰਪਰਦਾਵਾਂ ਜਾਂ ਹੋਰ ਸਮਾਜਿਕ ਧਰੁਵੀਆਂ ਵਿੱਚ ਬਦਲ ਦਿੰਦੀ ਹੈ। ਜਦੋਂ ਅਧਿਆਤਮਿਕ ਆਗੂਆਂ ਨੂੰ ਰਾਜਨੀਤਿਕ ਪਲੇਟਫਾਰਮਾਂ 'ਤੇ ਉੱਚਾ ਕੀਤਾ ਜਾਂਦਾ ਹੈ, ਜਦੋਂ ਪੂਜਾ ਸਥਾਨਾਂ ਨੂੰ ਸ਼ਕਤੀ ਸਮੀਕਰਨਾਂ ਦੇ ਕੇਂਦਰ ਵਿੱਚ ਰੱਖਿਆ ਜਾਂਦਾ ਹੈ, ਜਾਂ ਜਦੋਂ ਨੀਤੀਆਂ ਵਿਸ਼ਵਾਸ ਦੇ ਨਾਮ 'ਤੇ ਬਣਾਈਆਂ ਜਾਂਦੀਆਂ ਹਨ, ਤਾਂ ਇਹ ਸ਼ਕਤੀ ਅਤੇ ਅਧਿਆਤਮਿਕਤਾ ਵਿਚਕਾਰ ਇੱਕ ਪੱਕਾ ਗੱਠਜੋੜ ਬਣਾਉਂਦਾ ਹੈ ਜੋ ਸਮਾਜ ਦੇ ਨੈਤਿਕ ਤਾਣੇ-ਬਾਣੇ ਨੂੰ ਕਮਜ਼ੋਰ ਕਰਦਾ ਹੈ। ਇਹ ਵਿਸ਼ਵਵਿਆਪੀ ਰੁਝਾਨ ਨਾ ਸਿਰਫ਼ ਧਾਰਮਿਕ ਆਜ਼ਾਦੀ ਨੂੰ, ਸਗੋਂ ਵਿਸ਼ਵ ਸ਼ਾਂਤੀ ਨੂੰ ਵੀ ਚੁਣੌਤੀ ਦਿੰਦਾ ਹੈ। ਬਹੁਤ ਸਾਰੇ ਅੰਤਰਰਾਸ਼ਟਰੀ ਟਕਰਾਅ, ਭਾਵੇਂ ਮੱਧ ਪੂਰਬ, ਅਫਰੀਕਾ, ਜਾਂ ਏਸ਼ੀਆ ਵਿੱਚ ਹੋਣ, ਵਿਸ਼ਵਾਸ ਅਤੇ ਰਾਜਨੀਤੀ ਦੇ ਮਿਸ਼ਰਣ ਦਾ ਨਤੀਜਾ ਰਹੇ ਹਨ। ਰਾਜਨੀਤਿਕ ਉਦੇਸ਼ਾਂ ਲਈ ਅਧਿਆਤਮਿਕ ਭਾਵਨਾਵਾਂ ਦੀ ਦੁਰਵਰਤੋਂ ਸਾਰੀ ਮਨੁੱਖਤਾ ਲਈ ਖ਼ਤਰਾ ਪੈਦਾ ਕਰਦੀ ਹੈ। ਦੋਸਤੋ, ਜੇਕਰ ਅਸੀਂ ਪੂਜਾ ਅਤੇ ਅਧਿਆਤਮਿਕਤਾ ਨੂੰ ਜ਼ਬਰਦਸਤੀ, ਰਿਸ਼ਵਤਖੋਰੀ, ਜ਼ਬਰਦਸਤੀ ਅਤੇ ਵਿਤਕਰੇ ਦੀ ਰਾਜਨੀਤੀ ਤੋਂ ਵੱਖ ਰੱਖਣ ਦੀ ਜ਼ਰੂਰਤ ਨੂੰ ਸਮਝਦੇ ਹਾਂ, ਤਾਂ ਸੱਤਾ ਦੀ ਰਾਜਨੀਤੀ ਜ਼ਬਰਦਸਤੀ, ਰਿਸ਼ਵਤਖੋਰੀ, ਜ਼ਬਰਦਸਤੀ ਅਤੇ ਵਿਤਕਰੇ ਦੀ ਰਣਨੀਤੀ 'ਤੇ ਕੰਮ ਕਰਦੀ ਹੈ। ਇਹ ਰਣਨੀਤੀ ਯੁੱਧ, ਪ੍ਰਸ਼ਾਸਨ ਅਤੇ ਰਾਜਨੀਤਿਕ ਪ੍ਰਬੰਧਨ ਲਈ ਢੁਕਵੀਂ ਹੋ ਸਕਦੀ ਹੈ, ਪਰ ਇਹ ਅਧਿਆਤਮਿਕਤਾ ਲਈ ਵਿਨਾਸ਼ਕਾਰੀ ਹੈ। ਅਜਿਹੀਆਂ ਰਾਜਨੀਤਿਕ ਰਣਨੀਤੀਆਂ ਵਿੱਚ ਪੂਜਾ ਅਤੇ ਸ਼ਰਧਾ ਨੂੰ ਸ਼ਾਮਲ ਕਰਨਾ ਧਰਮ ਦੇ ਸੁਭਾਅ ਨੂੰ ਹੀ ਬਦਲ ਦਿੰਦਾ ਹੈ।ਅਧਿਆਤਮਿਕਤਾ ਦੀ ਪ੍ਰਕਿਰਤੀ ਸਵੈ-ਇੱਛਾ, ਪਿਆਰ, ਸਵੈ-ਅਨੁਸ਼ਾਸਨ ਅਤੇ ਅੰਦਰੂਨੀ ਵਿਕਾਸ ਨਾਲ ਜੁੜੀ ਹੋਈ ਹੈ; ਜਦੋਂ ਕਿ ਸ਼ਕਤੀ ਦੀ ਪ੍ਰਕਿਰਤੀ ਲਾਭ ਅਤੇ ਨੁਕਸਾਨ, ਗਣਨਾ, ਰਣਨੀਤੀ ਅਤੇ ਮੁਕਾਬਲੇ ਨਾਲ ਜੁੜੀ ਹੋਈ ਹੈ। ਇਨ੍ਹਾਂ ਦੋਵਾਂ ਦੀ ਪ੍ਰਕਿਰਤੀ ਵਿੱਚ ਇੱਕ ਬੁਨਿਆਦੀ ਵਿਰੋਧਾਭਾਸ ਹੈ। ਜੇਕਰ ਪੂਜਾ, ਪ੍ਰਾਰਥਨਾ ਅਤੇ ਸੇਵਾਵਾਂ ਨੂੰ ਇੱਕ ਰਾਜਨੀਤਿਕ ਸਾਧਨ ਬਣਾਇਆ ਜਾਂਦਾ ਹੈ, ਤਾਂ ਇਹ ਇੱਕ ਭਾਈਚਾਰੇ ਵਿੱਚ ਉੱਤਮਤਾ ਅਤੇ ਦੂਜੇ ਵਿੱਚ ਹੀਣਤਾ ਦੀ ਭਾਵਨਾ ਪੈਦਾ ਕਰ ਸਕਦਾ ਹੈ। ਜਦੋਂ ਰਾਜਨੀਤੀ ਧਾਰਮਿਕ ਸਮਾਗਮਾਂ ਨੂੰ ਦੌਲਤ, ਸ਼ਕਤੀ ਜਾਂ ਸਮਾਜਿਕ ਪ੍ਰਭਾਵ ਪ੍ਰਾਪਤ ਕਰਨ ਦੇ ਸਾਧਨ ਵਜੋਂ ਦੇਖਦੀ ਹੈ, ਤਾਂ ਜ਼ਬਰਦਸਤੀ ਦੀ ਨੀਤੀ ਨੂੰ ਲਾਗੂ ਕਰਨਾ ਸੁਭਾਵਿਕ ਹੈ। ਇਹ ਅਧਿਆਤਮਿਕਤਾ ਦੇ ਪਵਿੱਤਰ ਖੇਤਰ ਨੂੰ ਟਕਰਾਅ ਅਤੇ ਦੋਸ਼ਾਂ ਦੇ ਯੁੱਧ ਦੇ ਮੈਦਾਨ ਵਿੱਚ ਬਦਲ ਦਿੰਦਾ ਹੈ, ਜੋ ਕਿ ਕਿਸੇ ਵੀ ਸੱਭਿਅਕ ਸਮਾਜ ਲਈ ਵਿਨਾਸ਼ਕਾਰੀ ਹੈ। ਪੂਜਾ, ਪ੍ਰਾਰਥਨਾ ਅਤੇ ਰਾਜਨੀਤੀ ਨੂੰ ਵੱਖਰਾ ਰੱਖਣਾ ਨਾ ਸਿਰਫ਼ ਭਾਰਤ ਵਰਗੇ ਬਹੁ-ਧਾਰਮਿਕ ਸਮਾਜ ਲਈ, ਸਗੋਂ ਪੂਰੀ ਦੁਨੀਆ ਲਈ ਇੱਕ ਲੋੜ ਹੈ। ਅਮਰੀਕਾ, ਯੂਰਪ, ਜਾਪਾਨ, ਮੱਧ ਪੂਰਬ ਅਤੇ ਅਫਰੀਕਾ ਵਿੱਚ, ਇਹ ਇੱਕ ਸਦੀਵੀ ਸਿਧਾਂਤ ਹੈ ਕਿ ਧਾਰਮਿਕ ਆਜ਼ਾਦੀ ਸਿਰਫ਼ ਉਦੋਂ ਹੀ ਸੁਰੱਖਿਅਤ ਹੈ ਜਦੋਂ ਰਾਜ ਅਤੇ ਅਧਿਆਤਮਿਕ ਸੰਸਥਾਵਾਂ ਆਪਣੀਆਂ-ਆਪਣੀਆਂ ਸੀਮਾਵਾਂ ਦਾ ਸਤਿਕਾਰ ਕਰਦੀਆਂ ਹਨ। ਇਸ ਲਈ, ਜੇਕਰ ਅਸੀਂ ਉਪਰੋਕਤ ਵਰਣਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਅਧਿਆਤਮਿਕਤਾ ਦੀ ਵਿਸ਼ਵਵਿਆਪੀ ਸੁਰੱਖਿਆ ਅੱਜ ਦੀ ਸਭ ਤੋਂ ਵੱਡੀ ਸਮਾਜਿਕ ਲੋੜ ਹੈ। ਜਿਨ੍ਹਾਂ ਸਮਿਆਂ ਵਿੱਚੋਂ ਦੁਨੀਆ ਗੁਜ਼ਰ ਰਹੀ ਹੈ - ਆਰਥਿਕ ਅਨਿਸ਼ਚਿਤਤਾ, ਮਾਨਸਿਕ ਤਣਾਅ, ਡਿਜੀਟਲ ਪ੍ਰਦੂਸ਼ਣ ਅਤੇ ਸਮਾਜਿਕ ਧਰੁਵੀਕਰਨ - ਵਿੱਚ ਅਧਿਆਤਮਿਕਤਾ ਮਨੁੱਖਤਾ ਲਈ ਇੱਕੋ ਇੱਕ ਮਾਧਿਅਮ ਹੈ ਜੋ ਅੰਦਰੂਨੀ ਤਾਕਤ ਅਤੇ ਸ਼ਾਂਤੀ ਪ੍ਰਦਾਨ ਕਰ ਸਕਦੀ ਹੈ। ਹਾਲਾਂਕਿ, ਜੇਕਰ ਇਹ ਅਧਿਆਤਮਿ ਕਤਾ ਰਾਜਨੀਤੀ ਦਾ ਇੱਕ ਸਾਧਨ ਬਣ ਜਾਂਦੀ ਹੈ, ਤਾਂ ਇਹ ਆਪਣੀ ਪ੍ਰਭਾਵਸ਼ੀਲਤਾ ਗੁਆ ਦਿੰਦੀ ਹੈ। ਇਸ ਲਈ, ਪੂਜਾ ਨੂੰ ਮਨੋਰੰਜਨ ਤੋਂ ਮੁਕਤ ਰੱਖਣਾ, ਅਧਿਆਤਮਿਕਤਾ ਦੇ ਰਾਜਨੀਤੀਕਰਨ ਨੂੰ ਰੋਕਣਾ, ਅਤੇ ਰਾਜਨੀਤੀ ਨੂੰ ਪੂਜਾ ਸਥਾਨਾਂ ਤੋਂ ਦੂਰ ਰੱਖਣਾ ਅੰਤਰਰਾਸ਼ਟਰੀ ਪੱਧਰ 'ਤੇ ਮਨੁੱਖਤਾ ਦੀ ਸੁਰੱਖਿਆ ਲਈ ਜ਼ਰੂਰੀ ਹੈ। ਸਾਰੇ ਦੇਸ਼ਾਂ ਨੂੰ ਇਸ ਸਿਧਾਂਤ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਕਿ ਅਧਿਆਤਮਿਕਤਾ ਇੱਕ ਨਿੱਜੀ ਆਜ਼ਾਦੀ ਹੈ, ਅਤੇ ਕਿਸੇ ਵੀ ਆਜ਼ਾਦੀ ਨੂੰ ਰਾਜਨੀਤੀ ਦੁਆਰਾ ਢੱਕਿਆ ਨਹੀਂ ਜਾਣਾ ਚਾਹੀਦਾ। ਅਧਿਆਤਮਿਕਤਾ ਦੀ ਰੱਖਿਆ ਕਰਨ ਦਾ ਅਰਥ ਹੈ ਮਨੁੱਖ ਦੇ ਅੰਦਰੂਨੀ ਸੰਸਾਰ ਦੀ ਰੱਖਿਆ ਕਰਨਾ, ਅਤੇ ਜੇਕਰ ਅੰਦਰੂਨੀ ਸੰਸਾਰ ਸੁਰੱਖਿਅਤ ਹੈ, ਤਾਂ ਸੰਸਾਰ ਵੀ ਸੁਰੱਖਿਅਤ ਰਹੇਗਾ।



# ਇਤਿਹਾਸਕ ਗੁਰਦੁਆਰਾ ਸ੍ਰੀ ਫਲਾਹੀ ਸਾਹਿਬ ਬਟਾਲਾ

**ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗਤਾਂ ਨੂੰ ਕਿਰਤ ਕਰਨ, ਨਾਮ ਜਪਣ ਅਤੇ ਵੰਡ ਕੇ ਛਕਣ ਦਾ ਸੰਦੇਸ਼ ਦਿੱਤਾ। ਗੁਰੂ ਜੀ ਨੇ ਸਾਦਗੀ ਭਰਿਆ ਜੀਵਨ ਜਿਊਣ ਅਤੇ ਦਸਾਂ ਨਹੁੰਆਂ ਦੀ ਕਿਰਤ ਕਰਨ ਲਈ ਪ੍ਰੇਰਿਤ ਕੀਤਾ। ਗੁਰੂ ਜੀ ਨੇ ਗ੍ਰਹਿਸਥੀ ਜੀਵਨ ਅਪਣਾਉਣ 'ਤੇ ਵੀ ਜ਼ੋਰ ਦਿੱਤਾ। ਇਸੇ ਤਹਿਤ ਉਨ੍ਹਾਂ ਖੁਦ ਵੀ ਗ੍ਰਹਿਸਥੀ ਜੀਵਨ ਅਪਣਾਇਆ। 1484 ਵਿਚ ਭਾਦਰੋਂ ਮਹੀਨੇ ਦੀ ਸਤਵੀਂ ਸੁਦੀ ਨੂੰ ਉਹ ਮਾਤਾ ਸੁਲੱਖਣੀ ਜੀ ਨੂੰ ਵਿਆਹੁਣ ਲਈ ਬਟਾਲਾ ਆਏ। ਵਿਆਹ ਪੁਰਬ ਦੇ ਨਾਲ ਸੰਬੰਧਤ ਹੈ ਗੁਰਦੁਆਰਾ ਸ੍ਰੀ ਫਲਾਹੀ ਸਾਹਿਬ ਵਡਾਲਾ ਗ੍ਰੰਥੀਆਂ।**

ਇਤਿਹਾਸ : ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਵਿਆਹ ਤੋਂ ਅਗਲੇ ਦਿਨ ਬਟਾਲਾ ਤੋਂ ਚੜ੍ਹਦੇ ਪਾਸੇ ਸੈਰ ਲਈ ਨਿਕਲੇ। ਚਲਦੇ-ਚਲਦੇ ਉਹ ਬਟਾਲਾ ਤੋਂ 8 ਕਿਲੋਮੀਟਰ ਦੂਰ ਵਡਾਲਾ ਗ੍ਰੰਥੀਆਂ ਨੇੜੇ ਖੇਤਾਂ ਵਿਚ ਫਲਾਹੀ ਦੀ ਦਾਤਣ ਕਰਨ ਲੱਗੇ ਅਤੇ ਇਹੀ ਦਾਤਣ ਉਨ੍ਹਾਂ ਨੇ ਜ਼ਮੀਨ ਵਿਚ ਗੱਡ ਦਿੱਤੀ, ਜੋ ਬਾਅਦ ਵਿਚ ਇਕ ਵਿਸ਼ਾਲ ਫਲਾਹੀ ਦੇ ਰੁੱਖ ਦਾ ਰੂਪ ਧਾਰ ਗਈ।

ਗੁਰਦੁਆਰਾ ਸਾਹਿਬ ਦੀ ਆਰੰਭਤਾ : ਇਸ ਅਸਥਾਨ 'ਤੇ ਸੰਗਤਾਂ ਵਲੋਂ 15ਗ15 ਦਾ ਇਕ ਕਮਰਾ, ਜਿਸ ਦੇ ਚੁਫੇਰੇ 10 ਫੁੱਟ ਦਾ ਵਰਾਂਡਾ ਸੀ, ਉਸਾਰੀ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਇੱਥੇ ਇਕ ਖੂਹ ਵੀ ਸੀ, ਜਿਸ ਦੀਆਂ ਹਲਟਾਂ ਪਸ਼ੂਆਂ ਨਾਲ ਚਲਾਈਆਂ ਜਾਂਦੀਆਂ ਸਨ ਅਤੇ ਲੱਗੀਆਂ ਟੂਟੀਆਂ ਨਾਲ ਸੰਗਤਾਂ ਇਸ਼ਨਾਨ ਕਰਦੀਆਂ ਸਨ। ਇੱਥੇ ਅੰਬ, ਜਾਮਣ ਆਦਿ ਕਈ ਫ਼ਲਦਾਰ ਅਤੇ ਛਾਂਦਾਰ ਦਰੱਖ਼ਤ ਲੱਗੇ ਹੋਏ ਸਨ, ਜਿੱਥੇ ਸੰਗਤਾਂ ਆਰਾਮ ਕਰਦੀਆਂ ਸਨ। ਹਰੇਕ ਸਾਲ ਹੋਲੀ ਦੇ ਦਿਨਾਂ 'ਚ 8-10 ਦਿਨ ਰੋਜ਼ਾਨਾ ਕਬੱਡੀ ਦੇ ਮੈਚ ਕਰਵਾਏ ਜਾਂਦੇ ਸਨ ਅਤੇ ਆਖਰੀ ਦਿਨ ਭਾਰੀ ਦੀਵਾਨ ਸਜਾਏ ਜਾਂਦੇ ਸਨ, ਜਿਸ ਦਾ ਸਾਰਾ ਪ੍ਰਬੰਧ ਵਡਾਲਾ ਗ੍ਰੰਥੀਆਂ ਦੀ ਸੰਗਤ ਵਲੋਂ ਕੀਤਾ ਜਾਂਦਾ ਸੀ ਅਤੇ ਖਿਡਾਰੀਆਂ ਨੂੰ ਇਨਾਮ ਦਿੱਤੇ ਜਾਂਦੇ ਸਨ। ਇਹ ਪਰੰਪਰਾ ਕਈ ਸਾਲ ਤੱਕ ਚਲਦੀ ਰਹੀ।

ਕਾਰ ਸੇਵਾ : ਪ੍ਰਾਪਤ ਜਾਣਕਾਰੀ ਅਨੁਸਾਰ 1980 ਵਿਚ ਇਸ ਪਵਿੱਤਰ ਅਸਥਾਨ ਦੀ ਕਾਰ ਸੇਵਾ ਸੰਤ ਬਾਬਾ ਗੁਰਮੁੱਖ ਸਿੰਘ, ਸੰਤ ਬਾਬਾ ਸਾਧੂ ਸਿੰਘ, ਸੰਤ ਬਾਬਾ ਝੰਡਾ ਸਿੰਘ ਵਲੋਂ ਵਰੋਸਾਏ ਸੰਤ ਬਾਬਾ ਬਸਤਾ ਸਿੰਘ ਨੇ ਸੰਗਤਾਂ ਦੇ ਸਹਿਯੋਗ ਨਾਲ ਸ਼ੁਰੂ ਕਰਵਾਈ ਅਤੇ ਗੁਰਦੁਆਰਾ ਸਾਹਿਬ ਦੀ ਵਿਸ਼ਾਲ ਸੁੰਦਰ ਇਮਾਰਤ, ਦੀਵਾਨ ਹਾਲ, ਲੰਗਰ ਹਾਲ ਤੇ ਸਰੋਵਰ ਦਾ ਨਿਰਮਾਣ ਕਰਵਾਇਆ। ਇਹ ਗੁਰਦੁਆਰਾ ਸਾਹਿਬ ਬਟਾਲਾ ਅਤੇ ਕਾਦੀਆਂ ਦੋਵਾਂ ਦੇ ਦਰਮਿਆਨ ਸੜਕ ਨਜ਼ਦੀਕ ਬਣਿਆ ਹੋਇਆ ਹੈ।

ਗੁਰਦੁਆਰਾ ਸਾਹਿਬ ਦਾ ਨਿਰਮਾਣ ਵਡਾਲਾ ਗ੍ਰੰਥੀਆਂ ਅਤੇ ਹੋਰ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਵਿਚ ਬਹੁਤ ਸਾਰੇ ਪਰਿਵਾਰਾਂ ਨੇ ਦਿਲ ਖੋਲ੍ਹ ਕੇ ਵਿੱਤੀ ਮਦਦ ਕੀਤੀ, ਕਈਆਂ ਨੇ 2-2, 4-4 ਕਨਾਲਾਂ ਜ਼ਮੀਨ ਵੀ ਭੇਟ ਕੀਤੀ।

ਪ੍ਰਬੰਧ : ਕਾਰ ਸੇਵਾ ਮੁਖੀ ਬਾਬਾ ਬਸਤਾ ਸਿੰਘ ਦੇ ਅਕਾਲ ਚਲਾਣੇ ਉਪਰੰਤ ਇੱਥੋਂ ਦੇ ਪ੍ਰਬੰਧ ਲਈ ਕਾਰ ਸੇਵਾ ਦੇ ਮੁਖੀ ਸੰਤ ਬਾਬਾ ਕੁੰਨਣ ਸਿੰਘ ਨੂੰ ਬਣਾਇਆ ਗਿਆ, ਪਰ ਉਹ ਵੀ ਕੁਝ ਸਾਲਾਂ ਬਾਅਦ ਹੀ ਅਕਾਲ ਚਲਾਣਾ ਕਰ ਗਏ ਅਤੇ ਬਾਅਦ ਵਿਚ ਇਹ ਪ੍ਰਬੰਧ ਬਾਬਾ ਹਜ਼ੂਰਾ ਸਿੰਘ ਕੋਲ ਚਲਾ ਗਿਆ। ਬਾਬਾ ਹਜ਼ੂਰਾ ਸਿੰਘ ਇੱਥੇ 10 ਸਾਲ ਦੀ ਉਮਰ ਤੋਂ ਹੀ ਸੇਵਾ ਕਰ ਰਹੇ ਹਨ। ਉਹ ਅੱਜਕਲ੍ਹ ਇੱਥੇ ਦੀ ਸੇਵਾ ਅਤੇ ਸੰਗਤਾਂ ਦੀ ਸੇਵਾ ਕਰ ਰਹੇ ਹਨ। ਸਬੰਧਿਤ ਅਸਥਾਨ : ਗੁਰਦੁਆਰਾ ਸਾਹਿਬ ਦੀ ਸੇਵਾ ਦੇ ਨਾਲ-ਨਾਲ ਬਾਬਾ ਹਜ਼ੂਰਾ ਸਿੰਘ ਵਲੋਂ ਗੁਰਦੁਆਰਾ ਦਮਦਮਾ ਸਾਹਿਬ ਮਨੋਹਰਪੁਰ, ਗੁਰਦੁਆਰਾ ਸ੍ਰੀ ਮੱਕਾ ਸਾਹਿਬ ਲੀਲ ਕਲਾਂ ਅਤੇ ਡੇਰਾ ਸ੍ਰੀ ਅਨੰਦਪੁਰ ਸਾਹਿਬ ਅਕੈਡਮੀ ਰੋਡ ਦਾ ਪ੍ਰਬੰਧ ਚਲਾਇਆ ਜਾ ਰਿਹਾ ਹੈ। ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ-ਮਹੱਲਾ ਮੌਕੇ ਭਾਰੀ ਤਾਦਾਦ ਵਿਚ ਸੰਗਤਾਂ ਇਥੋਂ ਜਾ ਕੇ ਹਫ਼ਤਾ ਭਰ ਰਹਿ ਕੇ ਸੇਵਾ ਕਰਦੀਆਂ ਹਨ। ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਵਿਖੇ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਪੁਰਬ ਹਰੇਕ ਸਾਲ ਬਹੁਤ ਹੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ, ਜਿਸ ਵਿਚ ਭਾਰੀ ਗਿਣਤੀ ਵਿਚ ਸੰਗਤਾਂ ਪਹੁੰਚਦੀਆਂ ਹਨ। ਮਨਾਏ ਜਾਂਦੇ ਪੁਰਬ ਅਤੇ ਵਿਸ਼ੇਸ਼ ਦਿਹਾੜੇ : ਗੁਰਦੁਆਰਾ ਸ੍ਰੀ ਫਲਾਹੀ ਸਾਹਿਬ ਵਿਖੇ ਹਰੇਕ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਤੋਂ ਅਗਲੇ ਦਿਨ ਭਾਰੀ ਜੋੜ ਮੇਲਾ ਲਗਦਾ ਹੈ। ਇਸੇ ਤਰ੍ਹਾਂ ਇੱਥੇ ਹਰੇਕ ਸਾਲ ਹੋਲਾ-ਮਹੱਲਾ ਸਾਹਿਬ ਦਾ ਜੋੜ ਮੇਲ ਵੀ



ਲਗਦਾ ਹੈ। ਨਵੰਬਰ ਮਹੀਨੇ ਵਿਚ ਕਾਰ ਸੇਵਾ ਵਾਲੇ ਸੰਤ-ਮਹਾਂਪੁਰਖਾਂ ਦੀ ਸਾਂਝੀ ਬਰਸੀ ਵੀ ਮਨਾਈ ਜਾਂਦੀ ਹੈ। ਇਸ ਤੋਂ ਇਲਾਵਾ ਹਰੇਕ ਸੰਗਰਾਂਦ ਅਤੇ ਮੱਸਿਆ ਮੌਕੇ ਵੀ ਭਾਰੀ ਦੀਵਾਨ ਸਜਦੇ ਹਨ। ਇੱਥੇ ਉਪਰੋਕਤ ਜੋੜ ਮੇਲਿਆਂ ਮੌਕੇ ਭਾਰੀ ਤਾਦਾਦ ਵਿਚ ਸੰਗਤਾਂ ਪਹੁੰਚਦੀਆਂ ਹਨ ਅਤੇ ਭਾਰੀ ਦੀਵਾਨ ਸਜਾਏ ਜਾਂਦੇ ਹਨ, ਜਿਸ ਵਿਚ ਪੰਥ ਪ੍ਰਸਿੱਧ ਢਾਡੀ, ਕਵੀਸ਼ਰੀ ਤੇ ਰਾਗੀ ਜਥੇ ਪਹੁੰਚਦੇ ਹਨ। ਇੱਥੇ ਸਵਾਦਿਸ਼ਟ ਪਦਾਰਥਾਂ ਦੇ ਨਾਲ ਅਤੁੱਟ ਲੰਗਰ ਲਗਾਏ ਜਾਂਦੇ ਹਨ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵਲੋਂ ਗੁਰਦੁਆਰਾ ਸਾਹਿਬ ਤੋਂ ਅੱਡਾ ਵਡਾਲਾ ਗ੍ਰੰਥੀਆਂ ਤੱਕ ਸੂਰਜੀ ਊਰਜਾ ਨਾਲ ਚੱਲਣ ਵਾਲੀਆਂ ਲਾਈਟਾਂ ਲਗਾਈਆਂ ਗਈਆਂ ਹਨ। ਸਰਕਾਰੀ ਉਪਰਾਲੇ ਦੀ ਆਸ ਬੱਝੀ : ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਸਮਾਗਮਾਂ ਕਰਕੇ ਗੁਰਦੁਆਰਾ ਸਾਹਿਬ ਨੂੰ ਸਹੂਲਤਾਂ ਦੀ ਵੀ ਆਸ ਬੱਝੀ ਹੈ। ਇਸ ਸਬੰਧੀ ਪਤਾ ਲੱਗਾ ਹੈ ਕਿ ਬਟਾਲਾ-ਕਾਦੀਆਂ ਰੋਡ 'ਤੇ ਕੁੱਲੀਆਂ ਤੋਂ ਵਡਾਲਾ ਗ੍ਰੰਥੀਆਂ ਸੂਏ ਦੇ ਪੁਲ ਤੱਕ ਸੜਕ ਦੇ ਦੋਵੇਂ ਪਾਸੇ ਲਾਲ ਟਾਇਲਾਂ ਲਗਾਉਣਾ, ਸੜਕ ਦੇ ਦੋਵੇਂ ਪਾਸੇ ਇਮਾਰਤਾਂ ਨੂੰ ਚਿੱਟਾ ਰੰਗ ਕਰਨਾ ਅਤੇ ਬਹਿਲੂਵਾਲ ਰੋਡ ਦਾ ਸੁੰਦਰੀਕਰਨ ਕਰਕੇ ਬਾਈਪਾਸ ਵਜੋਂ ਬਣਾਉਣ ਦੀ ਤਜਵੀਜ਼ ਹੈ, ਜਿਸ ਦੀ ਲੋਕਾਂ ਨੂੰ ਭਾਰੀ ਉਡੀਕ ਹੈ।




# ਅਰਦਾਸਾਂ ਹੋਈਆਂ ਪੂਰੀਆਂ ਜੀ

ਸਿਆਸਤ ਸਭ ਤੋਂ ਵੱਡੀ ਨਹੀਂ ਹੁੰਦੀ, ਕੁੱਝ ਗੱਲਾਂ ਸਿਆਸਤ ਤੋਂ ਵੀ ਵੱਡੀਆਂ ਹੁੰਦੀਆਂ ਹਨ। ਅਤੇ ਜਦੋਂ ਸਤਿਗੁਰੂ ਨਾਨਕ ਦੀ ਗੱਲ ਆਉਂਦੀ ਹੈ ਤਾਂ ਸਹਿਜ ਸੁਭਾਅ ਹੀ "ਸਭ ਤੋਂ ਵੱਡਾ ਸਤਿਗੁਰ ਨਾਨਕ" ਸਾਡੇ ਮੂੰਹੋਂ ਮੱਲੋ-ਮੱਲ੍ਹੀ ਉਚਰਿਆ ਜਾਂਦਾ ਹੈ। ਜਿੱਥੇ ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਦੀ ਕਵਾਇਦ ਸ਼ੁਰੂ ਹੋਈ ਹੈ ਤੇ ਸਮੁੱਚੇ ਭਾਈਚਾਰੇ 'ਚ ਖ਼ੁਸ਼ੀ ਦੀ ਲਹਿਰ ਦੌੜ ਪਈ ਹੈ, ਉੱਥੇ ਇਸੇ ਮਸਲੇ ਤੇ ਕੁਝ ਕੁ ਨੇਤਾਵਾਂ ਵੱਲੋਂ ਹੋ ਰਹੀ ਸੌੜੀ ਸਿਆਸਤ ਨੇ ਦੁਖੀ ਵੀ ਕੀਤਾ ਹੈ ਤੇ ਸਿਆਸਤ 'ਚ ਆਏ ਨਿਘਾਰ ਨੂੰ ਨੇੜੇ ਤੋਂ ਮਹਿਸੂਸ ਵੀ ਕੀਤਾ ਹੈ। ਭਾਵੇਂ ਇਸ ਲਾਂਘੇ ਦੇ ਖੁੱਲ੍ਹਣ ਦਾ ਕਾਰਨ ਵੀ ਸਿਆਸਤ ਬਣੀ ਹੈ ਪਰ ਹੁਣ ਇਹ ਵੱਖਰੀ ਗੱਲ ਹੈ ਕਿ ਇਸ ਪਿੱਛੇ ਸਿਆਸਤਦਾਨਾਂ ਦਾ ਮਕਸਦ ਚੰਗਾ ਹੈ, ਜਾਂ ਮਾੜਾ ਹੈ, ਇਹ ਤਾਂ ਵਕਤ ਦੇ ਗਰਭ ਵਿਚ ਹੈ। ਪਰ ਜੇ ਨਾਨਕ ਨਾਮ ਲੇਵਾ ਸੰਗਤ ਦੀ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਲਈ ਤਾਂ ਇਹ ਵਕਤ ਖ਼ੁਸ਼ੀ 'ਚ ਖੀਵੇ ਹੋਣ ਦਾ ਹੈ। ਇਸ ਖ਼ੁਸ਼ੀ ਦੇ ਮੌਕੇ ਨੂੰ ਇਕੱਲਾ ਸਿੱਖ ਜਗਤ ਨਹੀਂ ਮਾਣ ਰਿਹਾ ਸਗੋਂ ਜਗਤ ਗੁਰੂ ਦੀ ਇਸ ਇਤਿਹਾਸਿਕ ਭੋਏਂ ਦੇ ਰਾਹ ਖੁੱਲ੍ਹਣ 'ਤੇ ਸਾਰੇ ਭਾਈਚਾਰਿਆਂ ਵੱਲੋਂ ਮਿਲ ਰਹੀਆਂ ਵਧਾਈਆਂ ਇਹ ਸਾਬਿਤ ਕਰਦੀਆਂ ਹਨ ਕਿ ਲੋਕ ਬਾਬਾ ਨਾਨਕ ਨੂੰ ਸਿਰਫ਼ ਜਗਤ ਗੁਰੂ ਕਹਿੰਦੇ ਹੀ ਨਹੀਂ, ਮੰਨਦੇ ਵੀ ਹਨ।

ਇਹੋ ਜਿਹੇ ਮਾਹੌਲ 'ਚ ਕੜ੍ਹੀ ਘੋਲਣ ਵਾਲਿਆਂ ਦੀ ਵੀ ਕੋਈ ਕਮੀ ਨਹੀਂ ਹੈ। ਵਿਰਲੇ ਵਿਰਲੇ ਸਿਰਫ਼ ਇਸ ਲਈ ਵਿਰੋਧ ਕਰ ਰਹੇ ਹਨ ਕਿ ਇਸ ਦਾ ਮਾਣ ਉਨ੍ਹਾਂ ਦੇ ਹਿੱਸੇ ਕਿਉਂ ਨਹੀਂ ਆਇਆ। ਭਾਵੇਂ ਪਿਛਲੇ ਸੱਤਰ ਸਾਲਾਂ ਦੀਆਂ ਸੰਗਤਾਂ ਵੱਲੋਂ ਕੀਤੀਆਂ ਅਰਦਾਸਾਂ ਦਾ ਇਹ ਅਸਰ ਹੈ ਪਰ ਇਹਨਾਂ ਸਿਆਸਤਦਾਨਾਂ ਨੇ ਕਦੇ ਇਹ ਸੁਪਨੇ 'ਚ ਵੀ ਨਹੀਂ ਸੋਚਿਆ ਸੀ ਕਿ ਦੋ ਖਿਡਾਰੀਆਂ ਦੀ ਇਹ ਦੋਸਤੀ ਸਿਰਫ਼ ਇਕ ਮਿਲਣੀ 'ਚ ਏਡੇ ਵੱਡੇ ਕਾਰਜ ਦਾ ਰਾਹ ਪੱਧਰਾ ਕਰ ਦੇਵੇਗੀ। ਕਿਉਂਕਿ ਹੁਣ ਤੱਕ ਜਦੋਂ ਦੋਨਾਂ ਮੁਲਕਾਂ ਦੇ ਸਿਆਸਤਦਾਨ ਇਕ ਦੂਜੇ ਦੇ ਨੇੜੇ ਹੋਣ ਲਗਦੇ ਸਨ ਤਾਂ ਕੁਝ ਕੁ ਵੱਖਵਾਦੀ ਤਾਕਤਾਂ ਕੋਈ ਵੱਡੀ ਘਟਨਾ ਨੂੰ ਅੰਜਾਮ ਦੇ ਕੇ ਆਪਣੇ ਵੱਲੋਂ ਰੋੜੇ ਅਟਕਾ ਦਿੰਦੀਆਂ ਸਨ। ਜਾਂ ਫੇਰ ਧਰਮ ਦੇ ਨਾਂ 'ਤੇ ਵੋਟਾਂ ਦੀ ਰਾਜਨੀਤੀ ਆੜੇ ਆ ਜਾਂਦੀ ਸੀ। ਇਮਰਾਨ ਦਾ ਪ੍ਰਧਾਨ ਮੰਤਰੀ ਬਣਨਾ ਤੇ ਸਿੱਧੂ ਨੂੰ ਸੌਂਹ ਚੁੱਕ ਸਮਾਗਮ ਦਾ ਨਿਓਤਾ ਦੇਣਾ ਲੋਕ ਵਿਰੋਧੀ ਤਾਕਤਾਂ ਦੇ ਹਜ਼ਮ ਨਹੀਂ ਸੀ ਆਇਆ। ਭਾਵੇਂ ਇਹ ਨਿਓਤਾ ਹੋਰਾਂ ਨੂੰ ਵੀ ਮਿਲਿਆ ਸੀ ਤੇ ਸੱਚ ਤਾਂ ਇਹ ਹੈ ਕਿ ਸਿੱਧੂ ਨਾਲ ਤਾਂ ਇਮਰਾਨ ਬਹੁਤ ਘੱਟ ਖੇਡਿਆ ਸੀ ਤੇ ਉਸ ਵਕਤ ਦੇ ਹੋਰ ਸਾਥੀਆਂ ਨੇ ਇਸ ਨਿਓਤੇ ਨੂੰ ਸਿਰਫ਼ ਇਸ ਗੱਲੋਂ ਨਕਾਰ ਦਿੱਤਾ ਸੀ ਕਿ ਇਹ ਦੇਸ਼ ਨਾਲ ਧ੍ਰੋਹ ਹੋਵੇਗਾ। ਪਰ ਸਿੱਧੂ ਜੋ ਕਿ ਸਦਾ ਹੀ ਹਵਾ ਦੇ ਉਲਟ ਚੱਲਿਆ ਹੈ ਨੇ ਇਸ ਵਾਰ ਫੇਰ ਸਾਬਿਤ ਕਰ ਦਿੱਤਾ ਕਿ ਜੋ ਜੋਖ਼ਮ ਉਠਾਉਂਦੇ ਹਨ ਉਹੀ ਕਾਮਯਾਬ ਹੁੰਦੇ ਹਨ। ਅੱਗੇ ਵਧਣ ਤੋਂ ਪਹਿਲਾਂ ਕੁਝ ਕੁ ਗੱਲਾਂ ਸਿੱਧੂ ਬਾਰੇ ਵੀ ਹੋ ਜਾਣ। ਅੱਜ ਤੋਂ ਛੇ ਕੁ ਮਹੀਨੇ ਪਹਿਲਾਂ ਹਰਮਨ ਰੇਡੀਓ 'ਤੇ ਇਕ ਸ਼ੋ ਦੌਰਾਨ ਖ਼ਬਰਾਂ ਦੀ ਸਮੀਖਿਆ ਕਰਦਿਆਂ ਮੈਂ ਸਿੱਧੂ ਨੂੰ ਪ੍ਰਧਾਨ ਮੰਤਰੀ ਪੱਧਰ ਦਾ ਨੇਤਾ ਕਹਿ ਦਿੱਤਾ ਸੀ। ਪਰ ਉਸ ਲਾਈਵ ਸ਼ੋ 'ਚ ਬਹੁਤੇ ਲੋਕ ਮੇਰੀ ਇਸ ਗੱਲ ਨਾਲ ਸਹਿਮਤ ਨਹੀਂ ਸਨ। ਉਸ ਵਕਤ ਮੈਂ ਇਹ ਵੀ ਕਿਹਾ ਸੀ ਕਿ ਮੋਦੀ ਇਸ ਲਈ ਘਾਣ ਸਿਆਸਤਦਾਨ ਨਹੀਂ ਹੈ ਕਿ ਉਹ ਬਹੁਤ ਪਹੁੰਚਿਆ ਹੋਇਆ ਬਲਕਿ ਇਸ ਲਈ ਹੈ ਕਿ ਉਸ ਦੇ ਕਿਸੇ ਵੀ ਵਿਰੋਧੀ ਦਾ ਕੱਦ ਉਸ ਦੇ ਬਰਾਬਰ ਨਹੀਂ ਹੈ ਤੇ ਲੋਕਾਂ ਕੋਲ ਕੋਈ ਬਦਲ ਹੀ ਨਹੀਂ ਹੈ। ਖ਼ਾਸ ਤੌਰ ਤੇ ਮੁੱਖ ਵਿਰੋਧੀ ਰਾਹੁਲ ਗਾਂਧੀ ਬਹੁਤ ਹੀ ਅਨਾੜੀ ਸਿਆਸਤਦਾਨ ਹੈ। ਰਾਹੁਲ ਨੂੰ ਜੋ ਕੁਰਸੀ ਮਿਲੀ ਹੈ ਉਸ ਵਿਚ ਕੋਈ ਦੋ ਰਾਏ ਨਹੀਂ ਕਿ ਉਹ ਸਿਰਫ਼ ਭਾਈ ਭਤੀਜਾ ਵਾਦ ਦਾ ਸਿਖਰ ਹੈ। ਮੈਂ ਉਸ ਵਕਤ ਕਿਹਾ ਸੀ ਕਿ ਕਾਂਗਰਸ ਸਿੱਧੂ ਦੀ ਕਾਬਲੀਅਤ ਦਾ ਸਹੀ ਫ਼ਾਇਦਾ ਨਹੀਂ ਉਠਾ ਰਹੀ। ਸਿੱਧੂ ਇਕ ਸੰਪੂਰਨ ਨੇਤਾ ਵਾਲੇ ਸਾਰੇ ਗੁਣਾਂ ਦਾ ਧਾਰਨੀ ਹੈ। ਉਸ ਕੋਲ ਮੋਦੀ ਦੇ ਹਰ ਅਸਤਰ-ਸ਼ਾਸਤਰ ਦਾ ਜਵਾਬ ਹੈ। ਉਹ ਮਿਹਨਤੀ ਹੈ, ਸਿਰੜੀ ਹੈ, ਉਸ ਕੋਲ ਜੁਮਲੇ ਹਨ, ਗੰਗਾ ਗਏ ਗੰਗਾ ਰਾਮ ਬਣਨ ਦੀ ਕਾਬਲੀਅਤ ਰੱਖਦਾ, ਉਸ ਦੀ ਪਛਾਣ ਦੇਸ਼ ਦੇ ਕੋਨੇ ਕੋਨੇ 'ਚ ਹੈ, ਸਭ ਤੋਂ ਵੱਡੀ ਗੱਲ ਕੀ ਉਹ ਚੁਣੌਤੀਆਂ ਨੂੰ ਸਵੀਕਾਰਨ ਦਾ ਮਾਦਾ ਰੱਖਦਾ ਹੈ। ਹੁਣ ਤੁਸੀਂ ਦੱਸੋ ਜੇ ਇਕ ਸਰਜਨ ਨੂੰ ਤੁਸੀਂ ਮਰੀਜ਼ਾਂ ਦੇ ਜ਼ੁਕਾਮ ਠੀਕ ਕਰਨ 'ਤੇ ਲਾਈ ਰੱਖੋਗੇ ਤਾਂ ਕੀ ਇਹ ਉਸ ਦੀ ਕਾਬਲੀਅਤ ਨਾਲ ਇਨਸਾਫ਼ ਹੋਵੇਗਾ? ਕੈਪਟਨ ਅਮਰਿੰਦਰ ਸਿੰਘ ਭਾਵੇਂ ਰਾਜਸੀ ਪਿਛੋਕੜ ਰੱਖਦੇ ਹਨ, ਭਾਵੇਂ ਦੋ ਵਾਰ ਮੁੱਖਮੰਤਰੀ ਬਣ ਚੁੱਕੇ ਹਨ ਪਰ ਉਨ੍ਹਾਂ ਨੂੰ ਦੇਸ਼ ਦੇ ਕਿਸੇ ਹੋਰ ਕੋਨੇ 'ਚ ਸ਼ਾਇਦ ਲੋਕ ਨਾ ਪਛਾਣਨ। ਪਰ ਸਿੱਧੂ ਦਾ ਪਿਛੋਕੜ ਕ੍ਰਿਕਟ ਨਾਲ ਜੁੜਿਆ ਹੋਣ ਕਾਰਨ ਅਤੇ ਉਸ ਤੋਂ ਬਾਅਦ ਲੰਮਾ ਚਿਰ ਨੈਸ਼ਨਲ ਟੀ.ਵੀ. 'ਤੇ ਹਾਜ਼ਰ ਰਹਿਣ ਕਾਰਨ ਉਹ ਕਿਸੇ ਜਾਣ ਪਛਾਣ ਦਾ ਮੁਹਤਾਜ ਨਹੀਂ ਹਨ। ਮੈਂ ਉਸ ਰੇਡੀਉ ਸ਼ੋ 'ਚ ਇਹ ਦਾਅਵਾ ਕੀਤਾ ਸੀ ਕਿ ਜੇ ਕਾਂਗਰਸ ਆਪਣੀ ਕਮਾਨ ਸਿੱਧੂ ਦੇ ਹੱਥ ਦੇ ਦਿੰਦੀ ਹੈ ਤਾਂ ਨਤੀਜੇ ਹਾਂ ਪੱਖੀ ਹੋਣਗੇ। ਪਰ ਉਸ ਵਕਤ ਲੋਕਾਂ ਦੇ ਇਹ ਗੱਲ ਹਜ਼ਮ ਨਹੀਂ ਸੀ ਹੋਈ ਤੇ ਉਨ੍ਹਾਂ ਸਿੱਧੂ ਨੂੰ ਬੜਬੋਲਾ, ਮਜ਼ਾਕੀਆ ਤੇ ਦਲ ਬਦਲੂ ਜਿਹੇ ਅਹੁਦਿਆਂ ਨਾਲ ਨਿਵਾਜਿਆ ਸੀ। ਪਰ ਹੁਣ ਸਮਾਂ ਕਰਵੱਟ ਲੈ ਚੁੱਕਿਆ ਹੈ। ਸਿੱਧੂ ਦਾ ਕੱਦ ਇਕੱਲੇ ਕਰਤਾਰਪੁਰ ਲਾਂਘੇ ਕਾਰਨ ਜਿੱਥੇ ਸਾਰੀ ਦੁਨੀਆ 'ਚ ਉੱਚਾ ਹੋਇਆ ਹੈ, ਉੱਥੇ ਉਸ ਦੀ ਪਾਰਟੀ ਨੇ ਵੀ ਉਸ ਦੀ ਕਾਬਲੀਅਤ ਦਾ ਸਹੀ ਇਸਤੇਮਾਲ ਕੀਤਾ ਤੇ ਪੰਜਾਂ ਰਾਜਾਂ 'ਚੋਂ ਤਿੰਨ ਫ਼ਤਿਹ ਕਰ ਲਏ। ਸਿਆਸਤ ਤੇ ਚੰਗੇ ਬੰਦੇ ਦਾ ਸੁਮੇਲ ਘੱਟ ਹੀ ਦੇਖਣ ਨੂੰ ਮਿਲਦਾ ਹੈ। ਪਰ ਜਦੋਂ ਮਾੜਿਆਂ ਦੀ ਬਹੁਤਾਤ ਹੋਵੇ ਤਾਂ ਜੋ ਘੱਟ ਮਾੜਾ ਹੁੰਦਾ, ਉਹ ਪਰਵਾਨਿਤ ਹੁੰਦਾ ਹੈ। ਸੋ ਆਪਾਂ ਇਸ ਲੇਖ ਰਾਹੀਂ ਸਿੱਧੂ ਨੂੰ ਜਾਂ ਕਿਸੇ ਹੋਰ ਨੂੰ ਮਹਾਨ ਸਾਬਿਤ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੇ ਸਿਰਫ਼ ਉਨ੍ਹਾਂ ਦੀ ਜ਼ਿੰਦਗੀ 'ਚ ਹੁਣ ਤੱਕ ਦੀ ਕਾਬਲੀਅਤ ਤੇ ਝਾਤ ਮਾਰ ਰਹੇ ਹਾਂ। ਕਰਤਾਰਪੁਰ ਲਾਂਘਾ ਖੁੱਲ੍ਹਣ ਦਾ ਕਾਰਨ ਬਣੇ ਕੱਲ੍ਹ ਦੇ ਦੋ ਖਿਡਾਰੀ ਤੇ ਅੱਜ ਦੇ ਨੇਤਾਵਾਂ ਦੇ ਜੇ ਪਿਛੋਕੜ ਨੂੰ ਫਰੋਲਿਆ ਜਾਵੇ ਤਾਂ ਉਨ੍ਹਾਂ ਦਾ ਜੁਝਾਰੂ ਪਣ ਸਾਫ਼ ਝਲਕਦਾ ਹੈ। ਉਨ੍ਹਾਂ ਦਾ ਖਿਡਾਰੀ ਦੇ ਤੌਰ 'ਤੇ ਜੀਵਿਆ ਸਮਾਂ ਕਿਸੇ ਵੀ ਨੌਜਵਾਨ ਲਈ ਪ੍ਰੇਰਨਾਦਾਇਕ ਹੋ ਸਕਦਾ ਹੈ। ਪਹਿਲਾਂ ਇਮਰਾਨ ਦੀ ਗੱਲ ਕਰਦੇ ਹਾਂ। ਉਹ ਪਾਕਿਸਤਾਨ ਦੀ ਟੀਮ 'ਚ ਬੜੀ ਤੇਜ਼ੀ ਨਾਲ ਇਕ ਆਲ ਰਾਊਂਡਰ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਇਆ। ਤੇ ਛੇਤੀ ਦੁਨੀਆ ਦੇ ਚਾਰ ਮਹਾਨ ਆਲ ਰਾਊਂਡਰਾਂ 'ਚ ਆਪਣਾ ਨਾਮ ਲਿਖਵਾ ਲਿਆ। ਉਸ ਵਕਤ ਇੰਗਲੈਂਡ ਦੇ ਇਆਨ ਬਾਥਮ, ਭਾਰਤ ਦੇ ਕਪਿਲ ਦੇਵ ਨਿਊਜ਼ੀਲੈਂਡ ਦੇ ਸਰ ਰਿਚਰਡ ਹੈਡਲੀ ਦੇ ਨਾਲ ਨੌਜਵਾਨ ਇਮਰਾਨ ਖ਼ਾਨ ਦੀ ਤੂਤੀ ਬੋਲਦੀ ਸੀ। ਪਰ ਅਚਾਨਕ ਇਕ ਸੱਟ ਨੇ ਨਾ ਕਿ ਇਮਰਾਨ ਨੂੰ ਟੀਮ 'ਚੋਂ ਬਾਹਰ ਕਰ ਦਿੱਤਾ ਉਲਟਾ ਉਸ ਦੇ ਭਵਿੱਖ 'ਤੇ ਵੀ ਸਵਾਲੀਆ ਨਿਸ਼ਾਨ ਲਗਾ ਦਿੱਤਾ ਸੀ। ਪਰ ਜੁਝਾਰੂ ਅਤੇ ਜਨੂੰਨੀ ਇਨਸਾਨ ਨੇ ਨਾ ਸਿਰਫ਼ ਕ੍ਰਿਕਟ 'ਚ ਵਾਪਸੀ ਕੀਤੀ, ਉਲਟਾ 1992 'ਚ ਜੋ ਪਾਕਿਸਤਾਨ ਦੀ ਟੀਮ ਇਕ ਵਕਤ ਲੀਗ ਮੈਚਾਂ 'ਚੋਂ ਹੀ ਬਾਹਰ ਹੁੰਦੀ ਜਾਪਦੀ ਸੀ, ਨੂੰ ਆਪਣੇ ਦਮ 'ਤੇ ਵਰਲਡ ਕੱਪ ਜਿਤਾ ਕੇ ਦੁਨੀਆਂ ਨੂੰ ਦਰਸਾ ਦਿੱਤਾ ਕਿ ਉਹ ਹਾਰ ਮੰਨ ਕੇ ਬੈਠਣ ਵਾਲਾ ਨਹੀਂ ਹੈ। ਪਾਕਿਸਤਾਨੀ ਕ੍ਰਿਕਟ ਦਾ ਸਿਰਮੌਰ ਤਾਜ ਪਹਿਨਣ ਤੋਂ ਬਾਅਦ ਉਸ ਦੇ ਜੀਵਨ 'ਚ ਉਸ ਦੀ ਮਾਂ ਦੀ ਕੈਂਸਰ ਨਾਲ ਹੋਈ ਮੌਤ ਨੇ ਬਹੁਤ ਵੱਡਾ ਬਦਲਾ ਲਿਆਂਦਾ ਤੇ ਉਸ ਨੇ ਇਕੱਲੇ ਆਪਣੇ ਦਮ 'ਤੇ ਕੈਂਸਰ ਨਾਲ ਲੜਨ ਦਾ ਹੀਆ ਕਰ ਕੇ ਪਾਕਿਸਤਾਨ ਜਿਹੇ ਗ਼ਰੀਬ ਮੁਲਕ ਨੂੰ ਦੋ ਵੱਡੇ ਕੈਂਸਰ ਹਸਪਤਾਲ ਬਣਾ ਕੇ ਦਿੱਤੇ ਤੇ ਅੱਜ ਵੀ ਆਪਣੀ ਕਮਾਈ ਦਾ ਵੱਡਾ ਹਿੱਸਾ ਉਹ ਇਹਨਾਂ ਨੂੰ ਦਾਨ ਵਿੱਚ ਦੇ ਰਿਹਾ ਹੈ। ਇਸੇ ਦੌਰਾਨ ਉਸ ਨੇ ਪਾਕਿਸਤਾਨ ਦੀ ਜਨਤਾ ਦੀ ਗ਼ਰੀਬੀ ਨੇੜੇ ਹੋ ਕੇ ਦੇਖੀ ਤੇ ਸਿਆਸਤ 'ਚ ਕੁੱਦ ਪਿਆ। ਸਿਆਸਤ 'ਚ ਆਉਣ ਦੇ ਪਹਿਲੇ ਦਿਨ ਤੋਂ ਉਹ ਇੱਕੋ ਦਾਅਵਾ ਕਰ ਰਿਹਾ ਹੈ ਕਿ ਉਹ ਪਾਕਿਸਤਾਨ ਦੇ ਅਵਾਮ ਦਾ ਜੀਵਨ ਪੱਧਰ ਉੱਚਾ ਚੱਕ ਕੇ ਹੀ ਦਮ ਲਵੇਗਾ।

**ਮਿੰਟੂ ਬਰਾੜ**

# ਵਖਤੁ ਵੀਚਾਰੇ ਸੁ ਬੰਦਾ ਹੋਇ



ਗੁਰਜੀਤ ਕੌਰ "ਮੋਗਾ"
Gurjeetkaurwriter@gmail.com

ਜ਼ਿੰਦਗੀ ਬਹੁਤ ਖ਼ੂਬਸੂਰਤ ਹੈ। ਇਸ ਵਿਚਲੇ ਮਿਲੇ ਸਮੇਂ ਨੂੰ ਵੀ ਸਾਂਭਣਾ ਸਾਡੀ ਨੈਤਿਕ ਜ਼ਿੰਮੇਵਾਰੀ ਹੈ ਕਿਉਂਕਿ ਲੰਘਿਆ ਹੋਇਆ ਸਮਾਂ ਕਦੇ ਵਾਪਸ ਨਹੀਂ ਆਉਂਦਾ, ਇਸ ਨੂੰ ਵਿਹਲਿਆਂ ਰਹਿ ਕੇ ਬਰਬਾਦ ਨਾ ਕਰੀਏ।ਸਮੇਂ ਦੀ ਕੀਮਤ ਨੂੰ ਜਾਣੀਏ। ਮਿਹਨਤੀ ਲੋਕ ਸਮਾਂ ਅਜਾਈਂ ਨਹੀਂ ਗਵਾਉਂਦੇ। ਉਨ੍ਹਾਂ ਦਾ ਟੀਚਾ ਆਪਣੀ ਮੰਜ਼ਿਲ ਤੱਕ ਪਹੁੰਚਣ ਦਾ ਹੁੰਦਾ ਹੈ। ਆਪਣੇ ਉਦੇਸ਼ਾਂ ਦੀ ਪੂਰਤੀ ਲਈ ਦੁੱਖ, ਦਲਿਦਰਾਂ ਨੂੰ ਤਿਆਗ ਕੇ ਅੱਗੇ ਵਧਣਾ ਹੀ ਵਖਤ ਨੂੰ ਸਾਂਭਣਾ ਹੈ। ਵਕਤ ਦੀ ਕਦਰ ਕਰਨ ਵਾਲੇ ਦੀ ਜ਼ਿੰਦਗੀ ਅਨੁਸ਼ਾਸਨ ਵਿੱਚ ਬੱਝ ਜਾਂਦੀ ਹੈ। ਉਹ ਰੋਜ਼ਾਨਾ ਜ਼ਿੰਦਗੀ 'ਚ ਆਪਣੇ ਕੰਮਾਂ ਨੂੰ ਵਕਤ ਨਾਲ ਤਕਸੀਮ ਕਰਕੇ ਚਲਦਾ ਹੈ ।

ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਤੇ ਕੁਝ ਬਣ ਕੇ ਵਿਖਾਉਣ ਦੇ ਸਲੀਕੇ ਨਾਲ ਜ਼ਿੰਦਗੀ ਜਿਊਣ ਵਾਲੇ ਜ਼ਿੰਦਗੀ ਦੇ ਪਲ- ਪਲ ਦਾ ਆਨੰਦ ਮਾਣਦੇ ਹਨ।ਉਹ ਦੂਜਿਆਂ ਤੋਂ ਵਧੇਰੇ ਤਰੱਕੀ ਕਰਦੇ ਤੇ ਕਾਮਯਾਬੀਆਂ ਹਾਸਲ ਕਰਦੇ ਹਨ। ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਵਾਲਾ ਮਨੁੱਖ ਦਿਨ ਰਾਤ ਨਹੀਂ ਦੇਖਦਾ।ਉਹ ਸਮੇਂ ਦੀ ਮਹੱਤਤਾ ਨੂੰ ਤਰਜੀਹ ਦਿੰਦਾ ਹੋਇਆ ਸਖ਼ਤ ਮਿਹਨਤ ਦੇ ਜ਼ਰੀਏ ਅੱਗੇ ਵਧਦਾ ਹੈ ਤੇ ਆਪਣੇ ਮਨੋਰਥ ਨੂੰ ਪੂਰਾ ਕਰਦਾ ਹੈ।ਸਮੇਂ ਦੀ ਅਹਿਮੀਅਤ ਨੂੰ ਪਹਿਚਾਨਣ ਵਾਲੇ ਮਨੁੱਖ ਮਿਹਨਤ ਤੇ ਲਗਨ ਸਦਕਾ ਆਪਣੀਆਂ ਕਲਪਨਾਵਾਂ ਨੂੰ ਹਕੀਕਤ ਵਿੱਚ ਬਦਲਣ ਦੇ ਯੋਗ ਹੁੰਦੇ ਹਨ। ਉਹ ਸਮਾਜ ਵਿੱਚ ਜੇਤੂ ਬਣ ਕੇ ਉਭਰਦੇ ਹਨ। ਉਹੀ ਸਮਾਜ ਵਿੱਚ ਮਾਣ- ਸਨਮਾਨ ਦੇ ਹੱਕਦਾਰ ਹੁੰਦੇ ਹਨ।

ਖ਼ੁਸ਼ਹਾਲ ਜੀਵਨ ਲਈ ਸਮੇਂ ਦੀ ਮਹੱਤਤਾ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ। ਜ਼ਿੰਦਗੀ ਦੇ ਕੁਝ ਅਸੂਲ ਹਨ ਸਿਧਾਂਤ ਹਨ ਜਿਨ੍ਹਾਂ ਦੇ ਧਾਰਨੀ ਹੋ ਕੇ ਹੀ ਅੱਗੇ ਵਧਿਆ ਜਾ ਸਕਦਾ ਹੈ।ਦੀਵਾਰ ਤੇ ਟੰਗੀ ਘੜੀ ਦੀਆਂ ਸੂਈਆਂ ਵੀ ਪ੍ਰੇਰਨਾਦਾਇਕ ਹਨ। ਉਨ੍ਹਾਂ ਦਾ ਅੱਗੇ ਵਧਣਾ ਹੀ ਦੀਵਾਰ ਦਾ ਸ਼ਿੰਗਾਰ ਹੈ ਨਹੀਂ ਤਾਂ ਰੁਕੀ ਹੋਈ ਘੜੀ ਵੀ ਕਬਾੜ ਬਣ ਜਾਂਦੀ ਹੈ।ਇਤਨੀ ਕੁ ਪਹਿਚਾਣ ਬਣਾਉਣ ਦੇ ਕਾਬਿਲ ਬਣ ਜਾਈਏ ਕਿ ਜੇ ਅਸੀਂ ਰੁਕ ਵੀ ਗਏ ਤਾਂ ਸਾਡੇ ਕੀਤੇ ਕੰਮਾਂ ਦੀ ਮਹਿਕ ਹਮੇਸ਼ਾ ਆਉਂਦੀ ਰਹੇ।ਖੜੀ ਹੋਈ ਘੜੀ ਦੀਆਂ ਸੂਈਆਂ ਵੀ ਦਿਨ 'ਚ ਦੋ ਵਾਰ ਸਮਾਂ ਸਹੀ ਦੱਸਦੀਆਂ ਹਨ। ਕਾਮਯਾਬੀਆਂ ਲਈ ਸਮੇਂ ਦਾ ਸਦ ਉਪਯੋਗ ਬਹੁਤ ਜ਼ਰੂਰੀ ਹੈ। ਆਪਣੇ ਉਦੇਸ਼ਾਂ ਦੀ ਪੂਰਤੀ ਲਈ ਵਕਤ ਨੂੰ ਸਾਂਭਣਾ ਸਿੱਖੀਏ । ਹਿੰਮਤ ਤੇ ਉਦਮੀ ਬੰਦੇ ਦੀ ਹੀ ਸਮਾਜ ਵਿੱਚ ਸਹੀ ਸੇਧ ਦੇ ਸਕਦੇ ਹਨ।ਅਜਿਹੇ ਮਨੁੱਖ ਪਰਿਵਾਰ ਦੇ ਨਾਲ ਨਾਲ ਸਮਾਜ ਦੀ ਵੀ ਯੋਗ ਅਗਵਾਈ ਕਰਦੇ ਹਨ।

ਨਸ਼ਟ ਹੋਏ ਸਮੇਂ ਦਾ ਦੁੱਖ ਵੀ ਉਨ੍ਹਾਂ ਨੂੰ ਹੀ ਹੁੰਦਾ ਹੈ ਜਿਹੜੇ ਸਮੇਂ ਦੀ ਕੀਮਤ ਜਾਣਦੇ ਹਨ। ਵਕਤ ਸੰਭਾਲੇ ਬਿਨਾਂ ਜ਼ਿੰਦਗੀ ਬਿਹਤਰ ਨਹੀਂ ਹੋ ਸਕਦੀ।

ਸਮੇਂ ਨੂੰ ਗਵਾਉਣ ਵਾਲਾ ਮਨੁੱਖ ਵਿਹਲੜ ,ਕੰਮਚੋਰ ਤੇ ਦੂਸਰਿਆਂ 'ਤੇ ਬੋਝ ਬਣਦਾ ਹੈ।ਵਿਹਲੜਪੁਣਾ ਮਾਨਸਿਕ ਉਲਝਣਾਂ ਪੈਦਾ ਕਰਦਾ ਹੈ।ਉਦੇਸ਼ਹੀਣ ਜੀਵਨ ਵਿੱਚ ਮਿਹਨਤ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਉਹਨਾਂ ਲਈ ਗਰੀਬੀ ਤੇ ਨਾਕਾਮਯਾਬੀ ਤੰਗ ਸੋਚ ਦਾ ਨਜ਼ਰੀਆ ਹੈ ।ਜ਼ਿੰਦਗੀ ਵਿੱਚ ਕੁਝ ਵੀ ਕਰਨ ਤੋਂ ਭਗੌੜਾ ਇਨਸਾਨ ਆਪਣੀਆਂ ਇੱਛਾਵਾਂ ਦਾ ਗਲਾ ਆਪ ਘੁੱਟ ਦਿੰਦਾਂ ਹੈ ਤੇ ਕੀਮਤੀ ਸਮਾਂ ਮੁੱਠੀ 'ਚੋਂ ਰੇਤ ਦੀ ਤਰ੍ਹਾਂ ਕਿਰਦਾ ਚਲਾ ਜਾਂਦਾ ਹੈ।ਅਜਾਈਂ ਗੁਆਏ ਵਕਤ ਦੀ ਪੂਰਤੀ ਇਨਸਾਨ ਸਾਰੀ ਉਮਰ ਨਹੀਂ ਕਰ ਸਕਦਾ।ਅਸਲ ਵਿੱਚ ਸਮਾਂ ਪੈਸੇ ਨਾਲੋਂ ਵਧੇਰੇ ਕੀਮਤੀ ਹੁੰਦਾ ਹੈ।ਪੈਸਾ ਮੁੜ ਕਮਾਇਆ ਜਾ ਸਕਦਾ ਹੈ ਪਰ ਲੰਘ ਰਹੇ ਸਮੇਂ ਨੂੰ ਪੈਸੇ ਨਾਲ ਨਹੀਂ ਖਰੀਦਿਆ ਜਾ ਸਕਦਾ।ਬਰਬਾਦ ਕੀਤੇ ਵਕਤ ਦਾ ਨਤੀਜਾ ਵੀ ਵਿਹਲੜ,ਆਲਸੀ ਹੀ ਭੁਗਤੇ ਹਨ।ਵਕਤ ਨੂੰ ਰੋਲਣ ਵਾਲਾ ਤੇ ਮਿਹਨਤ ਤੋਂ ਮੁਨਕਰ ਹੋਇਆ ਮਨੁੱਖ ਬਾਹਰੀ ਸਹਾਰਾ ਭਾਲਦਾ।ਆਪਣੇ ਮਨੋਬਲ ਨੂੰ ਢਹਿ ਢੇਰੀ ਕਰਦੇ ਸਮਾਂ ਕੱਟਦਾ ਹੈ। ਹੱਥ ਤੇ ਹੱਥ ਧਰ ਕੇ ਬੈਠਣ ਵਾਲਾ ਮਨੁੱਖ ਕਦੇ ਕਾਮਯਾਬ ਨਹੀਂ ਹੁੰਦਾ।

ਵਿਹਲੜ ਮਨੁੱਖਾਂ ਨੂੰ ਨਿਰਾਸ਼ਾ ਦੇ ਆਲਮ ਚੋਂ ਨਿਕਲ ਕੇ ਕੋਈ ਵੀ ਕਿੱਤਾ ਅਪਣਾ ਕੇ ਆਸ਼ਾਵਾਦੀ ਬਣਨਾ ਚਾਹੀਦਾ ਹੈ। ਆਪਣੇ ਇਰਾਦੇ ਪਕੇਰੇ ਕਰਕੇ ਜ਼ਿੰਦਗੀ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ।ਆਪਣੇ ਉਦੇਸ਼ਾਂ ਦੀ ਪੂਰਤੀ ਲਈ ਵਕਤ ਨੂੰ ਸਾਂਭਦੇ ਹੋਏ ਡੱਟ ਕੇ ਮਿਹਨਤ ਕਰਨੀ ਚਾਹੀਦੀ ਹੈ। ਇਸ ਤੋਂ ਪਹਿਲਾਂ ਕਿ ਸਮਾਂ ਅੱਗੇ ਨਿਕਲ ਜਾਵੇ ਹੁਣ ਤੋਂ ਹੀ ਕੋਈ ਕਾਰਜ ਸ਼ੁਰੂ ਕਰਨਾ ਚਾਹੀਦਾ ਹੈ।ਵਕਤ ਬਲਵਾਨ ਬਣ ਕੇ ਤੁਹਾਡਾ ਸਾਥ ਦੇਵੇਗਾ ਤੇ ਬੇਰੰਗ ਜ਼ਿੰਦਗੀ ਮੁੜ ਤੋਂ ਉਮੰਗ ਭਰਪੂਰ ਬਣ ਜਾਵੇਗੀ।

# ਕਰਜ ( ਮਾਂ ਬਾਪ ਦਾ ਪਿਆਰ )

ਕਿਸ਼ਨ ਸਿੰਘ ਮਿਹਨਤ ਮਜ਼ਦੂਰੀ ਦਾ ਕੰਮ ਕਰਦਾ ਸੀ ।ਭਾਨ ਕੌਰ ਉਸਦੇ ਘਰਵਾਲੀ ਬਹੁਤ ਨਰਮ ਤੇ ਹੱਸਮੁੱਖ ਸੁਭਾਅ ਦੀ ਮਾਲਕਣ ਸੀ ।ਦੋਵਾਂ ਦਾ ਆਪਸੀ ਬਹੁਤ ਪਿਆਰ ਸੀ ।ਜਦੋ ਕਿਸ਼ਨ ਸਿੰਘ ਨੇ ਕੰਮ ਤੋਂ ਵਾਪਸ ਘਰ ਪਰਤਣਾ ।ਤਾਂ ਉਸ ਨੇ ਪਾਣੀ ਦਾ ਗਿਲਾਸ ਫੜਾ ਕੇ ਕਿਸ਼ਨ ਸਿੰਘ ਦੀਆਂ ਲੱਤਾਂ ਘੁੱਟਣ ਲੱਗ ਜਾਣਾ ।ਪਿੰਡ ਦੇ ਲੋਕ ਸਲਾਹਉਦੇਂ ਨਾ ਥੱਕਦੇ । ਸਮਾਂ ਬੀਤਦਾ ਗਿਆ ਭਾਨ ਕੌਰ ਦੇ ਕੁੱਖੋਂ ਬੱਚੇ ਦਾ ਜਨਮ ਹੋਣ ਵਾਲਾ ਸੀ।ਕਿਸ਼ਨ ਸਿੰਘ ਤੇ ਭਾਨ ਕੌਰ ਨੇ ਬੱਚਾ ਪੈਦਾ ਹੋਣ ਤੋਂ ਪਹਿਲਾਂ ਬੱਚੇ ਦਾ ਨਾਂ ਸੋਚ ਲਿਆ ਸੀ। ਉਨ੍ਹਾਂ ਦੋਵਾਂ ਦੀ ਸੋਚ ਸੀ ।ਕਿ ਜੇ ਕੁੜੀ ਹੋਈ ਤਾਂ ਕਰਮਜੀਤ ਕੌਰ ਨਾਂ ਰੱਖਾਂਗੇ। ਜੇ ਮੁੰਡਾ ਹੋਇਆ ਤਾਂ ਗੁਰਦੀਪ ਸਿੰਘ ਰੱਖਾਂਗੇ। ਪ੍ਰਮਾਤਮਾ ਨੇ ਉਹ ਦਿਨ ਲਿਆਂਦਾ ਜਿਸਦਾ ਇੰਤਜਾਰ ਸੀ। ਬੱਚੇ ਦਾ ਜਨਮ ਹੋਇਆ। ਭਾਨ ਕੌਰ ਦੀ ਕੁੱਖੋਂ ਇੱਕ ਬੱਚੀ ਨੇ ਜਨਮ ਲਿਆ। ਉਹ ਪ੍ਰਮਾਤਮਾ ਦੀ ਦਾਤ ਸਮਝਦੇ ਹੋਏ। ਖੁਸ਼ੀ ਖੁਸ਼ੀ ਉਸਦਾ ਪਾਲਣ ਪੋਸ਼ਣ ਕਰਦੇ ਰਹੇ। ਜਦੋ ਕਿਸ਼ਨ ਸਿੰਘ ਕੰਮ ਤੋਂ ਥੱਕਿਆ ਟੁੱਟਿਆ ਘਰ ਆਉਦਾਂ ਤਾਂ ਉਹ ਕਰਮੋ ਦੀ ਤੋਤਲੀ ਜੁਬਾਨ ਚੋ ਤਰ੍ਹਾਂ ਤਰਾਂ ਦੀਆਂ ਅਵਾਜਾ ਸੁਣਦਾ ਉਸਨੂੰ ਗੋਦੀ ਚੁੱਕ ਕੇ ਗਲੀ ਚੋਂ ਲੈ ਜਾਦਾਂ ਉਸਦਾ ਸਾਰਾ ਥਕੇਵਾਂ ਲਹਿ ਜਾਦਾਂ। ਦੋ ਕੁ ਸਾਲਾਂ ਪਿੱਛੋਂ ਭਾਨ ਕੌਰ ਦੀ ਕੁੱਖੋਂ ਫੇਰ ਇੱਕ ਲੜਕੇ ਦਾ ਜਨਮ ਹੋਇਆ। ਉਸਦਾ ਨਾਂ ਗੁਰਦੀਪ ਰੱਖਿਆ ਗਿਆ।ਘਰ ਵਿਚ ਖੁਸ਼ੀਆ ਹੀ ਖੁਸ਼ੀਆ ਦੇ ਦਿੱਤੀਆਂ ਪ੍ਰਮਾਤਮਾ ਨੇ ਕਰਮੋ ਚਾਰ ਪੰਜ ਸਾਲਾਂ ਦੀ ਹੋਈ ਤਾਂ ਉਸ ਦਾ ਸਕੂਲ ਵਿੱਚ ਨਾਂ ਦਾਖਲ ਕਰਵਾਇਆ ਗਿਆ। ਪਹਿਲੀ ਕਲਾਸ ਤੋਂ ਉਹ ਤੀਜੀ ਕਲਾਸ ਵਿਚ ਹੋਈ। ਉਸਦਾ ਭਰਾ ਗੁਰਦੀਪ ਵੀ ਤੁਰਨ ਫਿਰਨ ਲੱਗ ਪਿਆ ਸੀ। ਉਹ ਅਪਣੇ ਭਰਾਂ ਦੀ ਉਗਲ ਫੜ ਕੇ ਸਕੂਲ ਨਾਲ਼ ਲੈ ਕੇ ਜਾਂਦੀ। ਜਿਉਂ ਜਿਉਂ ਕਰਮੋ ਵੱਡੀ ਹੁੰਦੀ ਗਈ ਉਸਦੀਆਂ ਕਲਾਸਾਂ ਵੀ ਅੱਗੇ ਹੁੰਦੀਆਂ ਗਈਆਂ। ਕਿਸ਼ਨ ਸਿੰਘ ਕਰਮੋ ਨੂੰ ਡਾ. ਬਣਾਉਣਾ ਚਾਹੁੰਦਾਂ ਸੀ। ਇਸ ਕਰਕੇ ਉਹ ਜੇ ਕਦੇ ਰਾਤ ਦੇ ਸਮੇਂ ਕੰਮ ਕਰਨ ਨੂੰ ਮਿਲ ਜਾਂਦਾਂ ਤਾਂ ਉਹ ਕੰਮ ਨੂੰ ਨਾ ਨਹੀਉ ਸੀ ਕਰਦਾ। ਨਾ ਕਦੇ ਉਸਨੇ ਅਪਣੇ ਸ਼ੌਕ ਪੂਰੇ, ਨਾ ਕਦੇ ਅਪਣੇ ਕੱਪੜਿਆਂ ਵੱਲ ਧਿਆਨ ਦਿੱਤਾ। ਪਰ ! ਬੱਚਿਆਂ ਦੀ ਪੜ੍ਹਾਈ ਲਿਖਾਈ ਚ ਕੋਈ ਘਾਟ ਨਹੀ ਆਉਣ ਦਿੱਤੀ। ਭਾਨ ਕੌਰ ਵੀ ਆਂਢਣਾਂ ਗੁਆਂਢਣਾਂ ਨਾਲ ਨਰਮਾ ਅਤੇ ਮਿਰਚਾਂ ਤੋੜਣ ਦਿਹਾੜੀ ਤੇ ਜਾਣ ਲੱਗੀ। ਇੱਕ ਦਿਨ ਮਿਰਚਾਂ ਤੋੜਦੀ ਨੂੰ ਬੁਖਾਰ ਹੋ ਗਿਆ ਉਪਰੋ ਧੁੱਪ ਵੀ ਕਹੇ ਮੈਂ ਕੀ ਦੇਣਾ ਤੇਰਾ ? ਨਾਲ ਦੀਆਂ ਗੁਆਢਣਾਂ ਦੇ ਕਹਿਣ ਤੇ ਕੁਸ ਚਿਰ ਅਰਾਮ ਕਰਨ ਤੋਂ ਮਗਰੋਂ ਉਹ ਫੇਰ ਮਿਰਚਾਂ ਤੋੜਣ ਲੱਗ ਪਈ। ਇਸ ਤਰ੍ਹਾਂ ਉਸਨੇ ਦਿਹਾੜੀ ਨਾ ਟੁੱਟਣ ਦਿੱਤੀ।ਪਿੰਡ ਦੇ ਸਕੂਲ ਵਿਚ ਕਰਮੋ ਦਾ ਆਖਰੀ ਸਾਲ ਸੀ। ਇਸ ਵਾਰ ਕਰਮੋ ਨੇ ਪਿੰਡ ਦੇ ਸਕੂਲ ਚੋਂ ਬਾਰਵੀਂ ਪਹਿਲੇ ਦਰਜੇ ਵਿੱਚ ਪਾਸ ਕੀਤੀ। ਉਸਦੇ ਫਸਟ ਆਉਣ ਦੀ ਖੁਸ਼ੀ ਵਿੱਚ ਕਿਸ਼ਨ ਸਿੰਘ ਨੇ ਅਪਣੇ ਆਲੇ- ਦੁਆਲੇ ਲੱਡੂ ਵੰਡੇ। ਕਰਮੋ ਨੂੰ ਬੀ. ਏ. ਵਿਚ ਦਾਖਲਾ ਲੈਣ ਲਈ ਸ਼ਹਿਰ ਦੇ ਇਕ ਕਾਲਜ ਵਿਚ ਪੜਣ ਲਾਇਆ ਗਿਆ। ਨਵੀਂ ਨਵੀਂ ਕਰਮੋ ਕਾਲਜ ਗਈ ਸੀ। ਉਸਨੂੰ ਉੱਥੋ ਦੇ ਮਾਹੌਲ ਬਾਰੇ ਨਹੀਂ ਸੀ ਪਤਾ। ਉਸਨੇ ਪੜ੍ਹਾਈ ਵੱਲ ਪੂਰਾ ਧਿਆਨ ਰੱਖਿਆ। ਛੇ ਕੁ ਮਹੀਨੇ ਲੰਘੇ ਕੁੱਝ ਨਾਲ ਦੀਆਂ ਕੁੜੀਆਂ ਨਾਲ ਦੋਸਤੀ ਹੋ ਗਈ। ਉਨ੍ਹਾਂ ਕੁੜੀਆਂ ਦਾ ਰੁਝਾਨ ਪੜ੍ਹਾਈ ਵੱਲ ਘੱਟ ਸੀ। ਕਈਆਂ ਨੇ ਤਾਂ ਇਸ਼ਕ ਮੁਸ਼ਕ ਦੇ ਚੱਕਰਾਂ ਵਿੱਚ ਆਪਣਾ ਕੈਰੀਅਰ ਖਰਾਬ ਕਰ ਲਿਆ ਸੀ।ਬਲਜੀਤ ਨਾਂਅ ਦਾ ਮੁੰਡਾ ਉਸ ਕਾਲਜ ਵਿਚ ਪੜਦਾ ਸੀ। ਉਸਨੇ ਕਰਮੋ ਦੇ ਨਾਲ ਰਹਿੰਦੀਆਂ ਸਹੇਲੀਆਂ ਚੋ ਇੱਕ ਨਾਲ ਗੱਲਬਾਤ ਕਰਕੇ ਕਰਮੋ ਨਾਲ ਦੋਸਤੀ ਕਰਨੀ ਚਾਹੀ। ਪਹਿਲਾਂ ਤਾਂ ਕਰਮੋ ਨਾ ਨੁੱਕਰ ਜਿਹੀ ਕਰਦੀ ਰਹੀ ਫੇਰ ਸਹੇਲੀਆਂ ਦੇ ਕਹਿਣ ਤੇ ਉਸਨੇ ਬਲਜੀਤ ਨਾਲ ਦੋਸਤੀ ਕਰ ਲਈ। ਫੇਰ ਕੀ ਸੀ ਕਦੇ ਕੰਨਟੀਨ ਵਿਚ ਬਹਿ ਕੇ ਚਾਹ ਸਮੋਸੇ ਖਾਣੇ ਕਦੇ ਪਾਰਕ ਚ ਬਹਿ ਕੇ ਗੱਪਾਂ ਮਾਰਨੀਆਂ। ਜਿੰਨਾਂ ਨੇ ਪੜਣਾ ਨਹੀ ਹੁੰਦਾ ਉਹ ਇਹੋ ਕੁੱਝ ਤਾਂ ਕਰਦੇ ਨੇ। ਹੌਲੀ ਹੌਲੀ ਕਰਮੋ ਤੇ ਬਲਜੀਤ ਦਾ ਪਿਆਰ ਪੈ ਗਿਆ। ਗੱਲਾਂ ਬਾਤਾਂ ਦਾ ਸਿਲਸਿਲਾ ਚਲਦਾ ਰਿਹਾ। ਬਲਜੀਤ ਨੇ ਅਪਣੇ ਪਿਆਰ ਦੇ ਜਾਲ ਚ ਅਜਿਹਾ ਫਸਾਇਆ ਜਿਸਦਾ ਨਿਕਲਣਾ ਮੁਸਕਿਲ ਸੀ। ਉਹ ਕਰਮੋ ਨੂੰ ਲਵ ਮੈਰਿਜ ਕਰਾਉਣ ਨੂੰ ਵਾਰ ਵਾਰ ਮਜਬੂਰ ਕਰ ਰਿਹਾ ਸੀ। ਇੱਕ ਦਿਨ ਕਰਮੋ ਨੇ ਜਦੋ ਘਰੋਂ ਪੈਰ ਪੁੱਟਿਆ ਤਾਂ ਇੱਕ ਦਮ ਹਨੇਰੀ ਜਿਹੀ ਆਈ ਉਸ ਦੀ ਮਾਂ ਨੇ ਕਿਹਾ ਅੱਜ ਕਾਲਜ ਨਾ ਜਾ ਹਨੇਰੀ ਆ ਰਹੀ ਹੈ। ਉਸਨੂੰ ਕੀ ਪਤਾ ਸੀ। ਕਿ ਇਹ ਹਨੇਰੀ ਦਾ ਘੱਟਾ ਉਸਦੇ ਸਿਰ ਚ ਪੈਣ ਵਾਲਾ ਹੈ। ਕਰਮੋ ਘਰੋਂ ਤਾਂ ਗਈ ਸੀ ਕਾਲਜ ਲਈ, ਪਰ ਨਾ ਕਾਲਜ ਪਹੁੰਚੀ। ਸ਼ਾਮ ਹੋ ਗਈ ਸੀ ਨਾ ਘਰ ਨਾ ਪਰਤੀ ।ਕਿਸ਼ਨ ਸਿੰਘ ਇਹ ਸੁਣ ਕੇ ਪ੍ਰੇਸ਼ਾਨ ਹੋ ਗਿਆ। ਉਸਦੀ ਮਾਂ ਸੋਚਾਂ ਵਿੱਚ ਡੁੱਬੀ ਅੱਖਾਂ ਚੋਂ ਹੰਝੂ ਕੇਰ ਰਹੀ ਸੀ। ਉਸਦਾ ਭਰਾ ਇੱਧਰ ਉੱਧਰ ਪੁੱਛਦਾ ਫਿਰ ਰਿਹਾ ਸੀ। ਰਾਤ ਬੀਤ ਜਾਣ ਪਿੱਛੋਂ ਉਹ ਹੋਰ ਵੀ ਡੂੰਘੀਆਂ ਸੋਚਾਂ ਵਿੱਚ ਸੋਚਣ ਲੱਗੇ ਸ਼ਾਇਦ ਕਿਸੇ ਨੇ ਮਾਰ ਨਾ ਦਿੱਤੀ ਹੋਵੇ ? ਕਰਮੋ ਦੇ ਭਰਾ ਨੂੰ ਨਾਲ ਦੀ ਸਹੇਲੀ ਤੋ ਪਤਾ ਲੱਗਾ ਸੀ ਕਿ ਉਸਦੀ ਬਲਜੀਤ ਨਾਂਅ ਦੇ ਮੁੰਡੇ ਨਾਲ ਦੋਸਤੀ ਸੀ। ਕਰਮੋ ਨੇ ਬਲਜੀਤ ਨੂੰ ਅਜੇ ਤੱਕ ਅਪਣੇ ਨਾਲ ਟੱਚ ਨਹੀ ਹੋਣ ਦਿੱਤਾ ਸੀ। ਪਹਿਲੀ ਰਾਤ ਉਨ੍ਹਾਂ ਇੱਕ ਗੁਰੂਦਰਆਰੇ ਵਿਚ ਕੱਟੀ ਕੁੱਝ ਸਮਾਂ ਉੱਥੇ ਉਨ੍ਹਾਂ ਸੇਵਾ ਵੀ ਕੀਤੀ। ਸਵੇਰ ਹੋਈ ਉਹ ਗੁਰਦੁਆਰੇਉ ਚਲੇ ਗਏ ਸੀ। ਉਹ ਕਾਗਜ ਪੱਤਰ ਤਿਆਰ ਕਰਵਾਉਣ ਲਈ ਇੱਕ ਦੁਕਾਨ ਤੇ ਗਏ। ਦੁਕਾਨ ਵਾਲਾ ਅਜੇ ਆਇਆ ਨਹੀ ਸੀ। ਉਨ੍ਹਾਂ ਸੋਚਿਆ ਨੇੜੇ ਇੱਕ ਦੁਕਾਨ ਹੈ ਚਾਹ ਦੀ, ਉਨੀ ਦੇਰ ਚਾਹ ਪੀ ਆਉਣੇ ਆ। ਦੋਵੇਂ ਜਣੇ ਚਾਹ ਪੀਣ ਲੱਗੇ। ਚਾਹ ਵਾਲੀ ਦੁਕਾਨ ਚ ਇੱਕ ਬੋਰਡ ਤੇ ਕੁੱਝ ਲਿਖਿਆ ਹੋਇਆ ਸੀ। ਜੋ ਬਲਜੀਤ ਦੀ ਪਿੱਠ ਪਿੱਛੇ ਤੇ ਕਰਮੋ ਨੂੰ ਸਾਹਮਣੇ ਤੋਂ ਸਾਫ ਸਾਫ ਦਿਖਾਈ ਦੇ ਰਿਹਾ ਸੀ। ਬਲਜੀਤ ਜਿਥੇ ਕਾਗਜ ਤਿਆਰ ਕਰਨੇ ਸੀ ਉਹ ਦੁਕਾਨ ਵੇਖਣ ਚਲਾ ਗਿਆ। ਕਰਮੋ ਉੱਥੇ ਬੈਠੀ ਉਹ ਬੋਰਡ ਪੜਣ ਲੱਗੀ। ਉਸ ਬੋਰਡ ਤੇ ਲਿਖਿਆ ਹੋਇਆ ਸੀ।

**ਧੀਏ, ਜਦੋ ਤੂੰ ਛੋਟੀ ਜਿਹੀ ਸੀ।**
**ਤੈਨੂੰ ਤੇਰੀ ਮਾਂ ਆਪਣੀ ਛਾਤੀ ਤੇ ਪਾ ਕੇ**
**ਸੌਂਵਾਉਦੀਂ ਹੁੰਦੀ ਸੀ। ਤਾਂ ਕਿ ਤੈਨੂੰ ਗਿੱਲੀ ਥਾਂ**
**ਨਾ ਮਹਿਸੂਸ ਹੋਵੇ। ਅੱਜ ਤੂੰ ਉਸਦੀਆਂ ਅੱਖਾਂ**
**ਗਿੱਲੀਆਂ ਕਰਕੇ ਆ ਗਈ ਏ।**
**ਧੀਏ, ਮੈ ਆਪ ਧੁੱਪਾ ਵਿਚ ਸੜ ਸੜ ਕੇ**

ਤੇਰੇ ਹਰ ਚਾਅ, ਸ਼ੌਕ ਪੂਰੇ ਕਰਦਾ ਰਿਹਾ। ਮੈ ਅਪਣੇ ਹਰ ਸ਼ੌਕ, ਤੇਰੀਆਂ ਖੁਸ਼ੀਆ ਤੋਂ ਕੁਰਬਾਨ ਕਰ ਦਿੱਤੇ। ਧੀਏ, ਤੇਰਾ ਵੀਰ ਹੱਥ ਵਿੱਚ ਰੱਖੜੀ ਲਈ ਬੈਠਾ ਉਡੀਕ ਕਰ ਰਿਹਾ। ਧੀਏ ਤੇਰੇ ਜਨਮ ਤੋਂ ਲੈ ਕੇ ਵੱਡੀ ਹੋਣ ਤੱਕ ਤੈਨੂੰ ਐਨਾ ਪਿਆਰ ਦਿੱਤਾ ਕਿ ਅਸੀ ਦੁਨੀਆ ਹੀ ਭੁੱਲ ਗਏ ਸੀ। ਮਾਂ-ਪਿਓ ਦੇ ਪਿਆਰ ਨਾਲੋਂ ਵੱਧ ਤੈਨੂੰ ਕਿਹੜਾ ਪਿਆਰ ਕਰਨ ਵਾਲਾ ਮਿਲ ਗਿਆ ? ਜਿਹੜੇ ਮਾਪੇ ਸਾਰੀ ਜਿੰਦਗੀ ਤੇਰੀ ਜਿੰਦਗੀ ਨੂੰ ਚੰਗਾ ਬਣਾਉਣ ਚ ਲੱਗੇ ਰਹੇ। ਉਹ ਕਦੇ ਤੇਰੀ ਆਉਣ ਵਾਲੀ ਜਿੰਦਗੀ ਬਾਰੇ ਮਾੜਾ ਕਿਵੇਂ ਸੋਚ ਸਕਦੇ ਹਨ ? ਲਾਸਟ ਤੇ ਲਿਖਿਆ ਸੀ। ਧੀਏ,ਰਾਣੀਏ, ਮੈਨੂੰ ਇਹ ਦੱਸੀਂ ਕਿ ..... ਮੇਰੇ ਪਿਆਰ ਚ ਕਿੱਥੇ ਘਾਟ ਰਹਿ ਗਈ ਸੀ।.. ਕਰਮੋ ਦੀਆਂ ਅੱਖਾਂ ਚੋ ਹੰਝੂਆਂ ਦਾ ਹੜ ਆ ਗਿਆ।ਚਾਹ ਬਣਾਉਣ ਵਾਲਾ ਇਹ ਸਭ ਵੇਖ ਰਿਹਾ ਸੀ। ਉਹ ਸਮਝ ਗਿਆ ਸੀ। ਕਿ ਇਸ ਤੇ ਦੁਕਾਨ ਚ ਲੱਗੇ ਬੋਰਡ ਦਾ ਅਸਰ ਹੋ ਗਿਆ ਹੈ।ਉਸ ਚਾਹ ਬਣਾਉਣ ਵਾਲੇ ਦੁਕਾਨਦਾਰ ਨੂੰ ਪਤਾ ਸੀ ਕਿ ਕਿਵੇਂ ਭਟਕੇ ਹੋਏ ਧੀਆਂ ਪੁੱਤ ਆ ਕੇ ਲਵ ਮੈਰਿਜ ਦੇ ਚੱਕਰਾਂ ਚ ਪੈ ਕੇ ਅਪਣੇ ਮਾਂ-ਬਾਪ ਨੂੰ ਸਦਾ ਲਈ ਛੱਡ ਆਉਂਦੇ ਹਨ। ਇਸ ਕਰਕੇ ਉਹ ਬੋਰਡ ਉਸ ਨੇ ਆਪ ਲਾਇਆ ਸੀ। ਉਸਦੇ ਨਾਲ ਇਹ ਹਾਦਸਾ ਵਾਪਰ ਚੁੱਕਿਆ ਸੀ। ਕਰਮੋ ਉੱਥੋਂ ਚਲੀ ਗਈ ਸੀ ਬਲਜੀਤ ਨੂੰ ਬਿਨਾਂ ਦੱਸੇ। ਰਸਤੇ ਚ ਘਰ ਨੂੰ ਵਾਪਸ ਆਉਂਦਿਆਂ ਮਾਂ-ਪਿਓ ਦਾ ਪਿਆਰ ਹੋਰ ਵੀ ਰੋਵਾਉਣ ਲੱਗਿਆ। ਆਉਂਦੇ ਸਮੇਂ ਉਸਨੂੰ ਇੱਕ ਸਹੇਲੀ ਮਿਲੀ। ਜਿਸਨੇ ਬਲਜੀਤ ਬਾਰੇ ਕਰਮੋ ਸਭ ਦੱਸਤਾ ਕਿ ਉਹ ਫਰੋਡ ਮੁੰਡਾ ਹੈ।ਜੋ ਕੁੜੀਆਂ ਦੇ ਦਿਲ ਨਾਲ ਖੇਡਣ ਤੋਂ ਬਾਅਦ ਉਸ ਨੂੰ ਛੱਡ ਕੇ ਕਿਸੇ ਹੋਰ ਨਾਲ ਦੋਸਤੀ ਕਰ ਲੈਂਦਾਂ ਹੈ। ਕਰਮੋ ਬਹੁਤ ਪਛਤਾ ਰਹੀ ਸੀ। ਪਿੰਡ ਆਈ ਉਸ ਨੂੰ ਅੱਜ ਪਿੰਡ ਉਪਰਾ ਜਿਹਾ ਲੱਗ ਰਿਹਾ ਸੀ। ਜਿਵੇਂ ਪਿੰਡ ਦਾ ਰਾਹ ਪਿੰਡ ਦੀਆਂ ਗਲੀਆਂ ਉਸਨੂੰ ਘੂਰ ਵੇਖਦੇ ਹੋਣ ਬੇਸ਼ੱਕ ! ਉਹ ਪਿੰਡ ਤੋਂ ਇੱਕ ਦਿਨ ਪਹਿਲਾਂ ਹੀ ਗਈ ਸੀ। ਪਿੰਡ ਦੇ ਲੋਕਾਂ ਨੂੰ ਪਤਾ ਨਹੀ ਸੀ ਇਸ ਗੱਲ ਦਾ, ਘਰ ਡਰਦਿਆਂ ਡਰਦਿਆਂ ਗਈ

ਬੂਹੇ ਕੋਲ ਬੈਠੀ ਮਾਂ ਰੋ ਰਹੀ ਸੀ। ਇੱਕ ਖੂੰਝੇ ਲੱਗਿਆ ਵੀਰ ਨਮੋਸ਼ੀ ਨਾਲ ਭਰਿਆ ਪਿਆ ਸੀ। ਤੇ ਕਿਸ਼ਨ ਸਿੰਘ ਦੇ ਹੱਥ ਵਿੱਚ ਕਰਮੋ ਦੀ ਫੋਟੋ. ਫੋਟੋ ਤੇ ਡਿਗਦੇ ਤ੍ਰਿਪ ਤ੍ਰਿਪ ਅਥਰੂ ਵੇਖ ਕਰਮੋ ਭੱਜ ਕੇ ਰੋਂਦੀ ਹੋਈ ਭੁੱਬ ਮਾਰ ਕੇ ਅਪਣੇ ਬਾਪ ਦੇ ਗਲ ਘੁੱਟ ਕੇ ਗਲਵਕੜੀ ਪਾਈ। ਬਾਪੂ ਜੀ ਮਾਫ ਕਰਦੋ... ਮੈ ਭਟਕ ਗਈ ਸੀ। ਕਿਸ਼ਨ ਸਿੰਘ ਦੇ ਅੱਖਾਂ ਚੋਂ ਅਥਰੂ ਡਿਗਣੇ ਬੰਦ ਹੋ ਗਏ ਸਨ।ਭਾਈ ਨੂੰ ਗਲਵਕੜੀ ਪਾਈ। ਅਤੇ ਫਿਰ ਮਾਂ ਨੂੰ ਗਲਵਕੜੀ ਕਰਮੋ ਨੇ ਦੱਸਿਆ ਕਿ ਉਸ ਨੇ ਘਰੋਂ ਜਾਣ ਦੀ ਤਾਂ ਗਲਤੀ ਕਰ ਲਈ ਸੀ। ਪਰ ! ਹੋਰ ਕੋਈ ਗਲਤੀ ਨਹੀ ਕੀਤੀ। ਉਸ ਨੇ ਅਪਣੇ ਬਾਪ ਕਿਸ਼ਨ ਸਿੰਘ ਨੂੰ ਵੀ ਕਿਹਾ। ਕਿ ਮੈ ਕੋਈ ਹੋਰ ਗਲਤੀ ਨਹੀਂ ਕੀਤੀ। ਕਿਸ਼ਨ ਸਿੰਘ ਕੁੱਝ ਬੋਲ ਨਹੀ ਸੀ ਰਿਹਾ। ਕਰਮੋ ਨੇ ਅਵਾਜਾ ਮਾਰੀਆਂ ਬਾਪੂ ਬਾਪੂ... ਕਿਸ਼ਨ ਸਿੰਘ ਨੂੰ ਹੁਣ ਅਵਾਜਾ ਸੁਣ ਦੀਆਂ ਨਹੀ ਸੀ। ਉਹ ਮੋਹ ਦੀਆਂ ਤੰਦਾਂ ਤੋੜ ਦੂਰ ਜਾ ਚੁੱਕਾ ਸੀ। ਸ਼ਾਇਦ ! ਅਪਣੀ ਧੀ ਦਾ ਹੀ ਇੰਤਜਾਰ ਕਰ ਰਿਹਾ ਸੀ। ਕਿ ਉਹ ਕਦੋਂ ਮਿਲੇ........

ਮਾਂ-ਬਾਪ ਏਨਾ ਪਿਆਰ ਕਰਦੇ ਹਨ ਅਪਣੇ ਬੱਚਿਆਂ ਨੂੰ ਸਾਰੇ ਜਹਾਨ ਤੇ ਕੋਈ ਵੀ ਸ਼ੈਅ ਨਹੀ। ਜੋ ਮਾਂ-ਪਿਓ ਦੇ ਪਿਆਰ ਦੇ ਬਰਾਬਰ ਹੋਵੇ।

**ਸੁਖਦਰਸ਼ਨ ਸਿੰਘ ਸ਼ੇਰਾ**
**98157 85521**

# ਨਿਸ਼ਫਲ ਤੇ ਕਦੇ ਨਾ ਖ਼ਤਮ ਹੋਣ ਵਾਲਾ ਹੁੰਦਾ ਮਾਤਾ-ਪਿਤਾ ਦਾ ਪਿਆਰ

ਮਾਪੇ ਸ਼ਬਦ ਮਾਂ ਅਤੇ ਪਿਓ ਦੋਵਾਂ ਦੀ ਤਰਜ਼ਮਾਨੀ ਕਰਦਾ ਹੈ।ਇਹ ਬੋਲਣ ਵਿਚ ਤਾਂ ਛੋਟਾ ਜਿਹਾ ਸ਼ਬਦ ਹੈ ਪਰ ਇਹ ਆਪਣੇ ਆਪ ਵਿੱਚ ਅਜਿਹੇ ਅਰਥ ਸਮੋਈ ਬੈਠਾ ਹੈ, ਜਿਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ ।ਇਹ ਇੱਕ ਅਜਿਹੀ ਦੌਲਤ ਨੂੰ ਪੇਸ਼ ਕਰਦਾ ਹੈ,ਜਿਸਦੀ ਅਹਿਮੀਅਤ ਸਾਡੇ ਤੋਂ ਵੱਧ ਉਹ ਲੋਕ ਜਾਣਦੇ ਹਨ,ਜੋਂ ਇਸ ਤੋਂ ਸੱਖਣੇ ਹਨ। ਮਾਂ-ਪਿਓ ਜ਼ਿੰਦਗੀ ਰੂਪੀ ਇਮਾਰਤ ਦੀ ਉਹ ਬੁਨਿਆਦ ਹਨ,ਜਿਸ ਤੇ ਪਿਆਰ , ਕੁਰਬਾਨੀ ,ਸਿਰੜ ਅਤੇ ਹੱਲਾਸ਼ੇਰੀ ਦੇ ਥੰਮ੍ਹਾਂ ਨਾਲ ਬੱਚੇ ਦੀ ਪਰਵਰਿਸ਼ ਹੁੰਦੀ ਹੈ। ਮਾਂ ਬੱਚੇ ਦੁਨੀਆ ਵਿੱਚ ਲੈ਼ ਕੇ ਆਉਂਦੀ ਹੈ ,ਉੱਥੇ ਹੀ ਪਿਤਾ ਬੱਚੇ ਨੂੰ ਦੁਨੀਆਦਾਰੀ ਦੀ ਸਿੱਖਿਆ ਦਿੰਦਾ ਹੈ। ਮਾਂ ਪਿਆਰ ਅਤੇ ਕੁਰਬਾਨੀ ਦੀ ਪੁਤਲੀ ਹੈ ਤੇ ਪਿਤਾ ਸਿਰੜ ਤੇ ਹੱਲਾਸ਼ੇਰੀ ਦੀ ਮਿਸਾਲ ਹੈ।

ਮਾਂ ਦੀ ਮਮਤਾ ਦੀ ਡੂੰਘਾਈ ਨੂੰ ਕੋਈ ਪੈਮਾਨਾ ਨਹੀਂ ਮਾਪ ਸਕਿਆ ਅਤੇ ਇਸਨੂੰ ਲਫਜਾਂ, ਗੀਤਾਂ ਅਤੇ ਚਿੱਤਰਾਂ ਦੁਆਰਾ ਪੇਸ਼ ਕੀਤਾ ਜਾਂਦਾ ਰਿਹਾ ਹੈ। ਪਰ ਪਿਤਾ ਦੇ ਪਿਆਰ ਨੂੰ ਬਹੁਤ ਘੱਟ ਸਲਾਹਿਆ ਗਿਆ ਹੈ।ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਾਂ ਵਰਗੀ ਠੰਡੀ ਛਾਂ ਅਤੇ ਨਿੱਘੀ ਗੋਦ ਕਿਤੋਂ ਨਹੀਂ ਮਿਲ ਸਕਦੀ ਪਰ ਇਸ ਵਿਚ ਕੋਈ ਸ਼ੱਕ ਨਹੀਂ ਪਿਤਾ ਦਾ ਘੂਰੀ ਭਰਿਆ ਪਿਆਰ ਵੀ ਕੋਈ ਨਹੀਂ ਦੇ ਸਕਦਾ। ਜਿਸ ਤਰ੍ਹਾਂ ਕਹਿੰਦੇ ਹਨ ਕਿ-

**ਪਛਾਣ ਨਹੀਂਓ ਬਣਦੀ ਬਾਪੂ ਤੋਂ ਬਿਨਾ ,**
**ਘਰ ਸਵਰਗ ਨਾ ਜਾਪੇ ਕਦੇ ਮਾਂ ਤੋਂ ਬਿਨਾ।**

ਅਸੀਂ ਜਾਣਦੇ ਹਾਂ ਕਿ ਜੇ ਮਾਂ ਘਰ ਵਿਚ ਬੱਚਿਆਂ ਨੂੰ ਪਿਆਰ ਦਿੰਦੀ ਹੈ ਤਾਂ ਪਿਤਾ ਵੀ ਸਾਰੇ ਜਹਾਨ ਦੇ ਦਰਵਾਜ਼ੇ ਖੋਲ੍ਹਣ ਦੇ ਯਤਨ ਕਰਦਾ ਹੈ, ਜਿਸ ਵਿਚੋਂ ਬੱਚਾ ਆਸਾਨੀ ਨਾਲ ਨਿਕਲ ਸਕਦਾ ਹੈ। ਜਿੱਥੇ ਮਾਂ ਬੱਚੇ ਨੂੰ ਚੰਗੇ ਗੁਰ ਦੱਸਦੀ ਹੈ,ਉਥੇ ਪਿਤਾ ਦੀ ਦਾਦ ਬੱਚੇ ਨੂੰ ਦਲੇਰ ਬਣਾਉਂਦੀ ਹੈ। ਦੁਨੀਆ ਵਿੱਚ ਇਕ ਅਜਿਹਾ ਇਨਸਾਨ ਪਿਤਾ ਹੀ ਹੁੰਦਾ ਹੈ ,ਜੋਂ ਚਾਹੁੰਦਾ ਹੈ ਕਿ ਮੇਰਾ ਬੱਚਾ ਮੇਰੇ ਤੋਂ ਕਿਤੇ ਵੱਧ ਤਰੱਕੀ ਕਰੇ ਤੇ ਬੁਲੰਦੀਆਂ ਨੂੰ ਛੂਹਵੇ।ਪਿਤਾ ਬਹੁਤ ਵੱਡੇ -ਵੱਡੇ ਸੁਪਨੇ ਲੈ ਕੇ ਬੱਚਿਆਂ ਦੀ ਅਗਵਾਈ ਕਰਦਾ ਹੈ। ਮਾਂ ਬੱਚੇ ਨੂੰ ਰਾਹੋਂ ਭਟਕਣ ਤੋਂ ਰੋਕਦੀ ਹੈ ਤੇ ਪਿਤਾ ਬੱਚੇ ਨੂੰ ਸਹੀ ਰਾਹ ਵਿਖਾ ਕੇ ਅੱਗੇ ਵੱਧਣ ਦੀ ਹਿੰਮਤ ਦਿੰਦਾ ਹੈ।ਜਿਸ ਤਰ੍ਹਾਂ ਮਾਂ ਰਾਤਾਂ ਦੀ ਨੀਂਦ ਗੁਆ ਦਿੰਦੀ ਹੈ ਉਸੇ ਤਰ੍ਹਾਂ ਪਿਤਾ ਵੀ ਦਿਨ ਭਰ ਮਿਹਨਤ ਕਰਕੇ ਬੱਚਿਆਂ ਦੀ ਇਕ ਝਲਕ ਵੇਖ ਸਾਰੀ ਥਕਾਵਟ ਭੁਲਾ ਦਿੰਦਾ ਹੈ। ਮਾਂ ਰੱਬ ਦਾ ਰੂਪ ਹੈ ਅਤੇ ਪਿਤਾ ਇਕ ਅਜਿਹੀ ਰੱਬੀ ਦਾਤ ਹੈ ਜੋਂ ਆਪਣੇ ਬਾਰੇ ਕਦੇ ਵੀ ਨਹੀਂ ਸੋਚਦਾ ਅਤੇ ਸਾਰੀ ਉਮਰ ਆਪਣੇ ਬੱਚਿਆਂ ਦੀ ਜ਼ਰੂਰਤਾਂ ਪੂਰੀਆਂ ਕਰਨ ਵਿੱਚ ਲੰਘਾ ਦਿੰਦਾ ਹੈ। ਕੋਈ ਵੀ ਮਾਂ-ਬਾਪ ਆਪਣੇ ਬੱਚਿਆਂ ਨੂੰ ਦੁੱਖੀ ਨਹੀਂ ਦੇਖ ਸਕਦੇ ?। ਬੱਚਿਆਂ ਨੂੰ ਦੁੱਖ- ਤਕਲੀਫ਼ ਵਿਚ ਦੇਖ ਕੇ ਮਾਂ ਰੋ ਕੇ ਆਪਣਾ ਮਨ ਹਲਕਾ ਕਰ ਲੈਂਦੀ ਹੈ ਅਤੇ ਪਿਤਾ ਪਰੇਸ਼ਾਨੀ ਨੂੰ ਇਕ ਕੋਨੇ ਵਿੱਚ ਰੱਖ ਕੇ ਉਸਦਾ ਹੱਲ ਲੱਭਣ ਦੀ ਕੋਸ਼ਿਸ਼ ਕਰਦਾ ਹੈ।

ਮਾਂ-ਬਾਪ ਦੀ ਘਾਲਣਾ ਨੂੰ ਤਾਂ ਬਿਆਨ ਨਹੀਂ ਕੀਤਾ ਜਾ ਸਕਦਾ। ਮਾਤਾ ਤੇ ਪਿਤਾ ਆਪਣੇ ਬਗ਼ੀਚੇ ਰੂਪੀ ਘਰ ਵਿੱਚ ਫੁੱਲ ਰੂਪੀ ਬੱਚਿਆਂ ਨੂੰ ਹਮੇਸ਼ਾ ਹੀ ਖਿੜਿਆ ਦੇਖਣਾ ਚਾਹੁੰਦੇ ਹਨ। ਮਾਂ ਦੇ ਪਿਆਰ ਨਾਲ ਪਿਤਾ ਦੀ ਘੂਰੀ ਵੀ ਜ਼ਰੂਰੀ ਹੈ ਪਰ ਇਸਦਾ ਭਾਵ ਇਹ ਨਹੀਂ ਕਿ ਉਸਦਾ ਪਿਆਰ ਆਪਣੇ ਬੱਚਿਆਂ ਲਈ ਘੱਟ ਹੈ। ਮਾਤਾ-ਪਿਤਾ ਬੱਚੇ ਦੇ ਜੀਵਨ ਦਾ ਆਧਾਰ ਹਨ। ਇਹਨਾਂ ਦੋਹਾਂ ਦੀ ਹੋਂਦ ਬੱਚੇ ਦੀ ਸ਼ਖ਼ਸੀਅਤ ਵਿੱਚ ਝਲਕਾਂ ਮਾਰਦੀ ਹੈ । ਮਾਪਿਆਂ ਦਾ ਨਿਸ਼ਫਲ ਤੇ ਕਦੇ ਨਾ ਖ਼ਤਮ ਹੋਣ ਵਾਲਾ ਪਿਆਰ ਉਹਨਾਂ ਦੀ ਅਵਸਥਾ ਵਿੱਚ ਪਹੁੰਚ ਕੇ ਹੀ ਸਮਝਿਆ ਜਾ ਸਕਦਾ ਹੈ। ਅਸੀਂ ਉਹਨਾਂ ਨੂੰ ਪਿਆਰ ਤੇ ਸਤਿਕਾਰ ਦੇ ਕੇ ਉਹਨਾਂ ਦੀ ਰੱਬ ਅੱਗੇ ਸਲਾਮਤੀ ਮੰਗ ਕੇ ਉਹਨਾਂ ਪ੍ਰਤੀ ਆਪਣਾ ਪਿਆਰ ਉਜਾਗਰ ਕਰ ਸਕਦੇ ਹਾਂ।ਬੱਚੇ ਤਾਂ ਸਾਰੇ ਹੀ ਆਪਣੇ ਮਾਂ ਬਾਪ ਨੂੰ ਬਹੁਤ ਪਿਆਰ ਕਰਦੇ ਹਨ , ਸਾਡਾ ਵੱਡਿਆਂ ਦਾ ਵੀ ਫਰਜ਼ ਹੈ ਕਿ ਅਸੀਂ ਆਪਣੇ ਮਾਪਿਆਂ ਨੂੰ ਪਿਆਰ ਤੇ ਸਤਿਕਾਰ ਦਈਏ । ਮਾਤਾ-ਪਿਤਾ ਬਾਰੇ ਇਕੱ ਕਵੀ ਦਾ ਵਿਚਾਰ ਹੈ ਕਿ:-

**ਨਾ ਅਸੀਂ ਮੰਗਦੇ ਧੁੱਪ ਵੇ ਰੱਬਾ ,**
**ਨਾ ਹੀ ਮੰਗੀਏ ਛਾਵਾਂ ਨੂੰ,**
**ਇਕੱ ਬਾਪੂ ਨੂੰ ਕੁਝ ਨਾ ਹੋਵੇ ,**
**ਦੂਜਾ ਸੁਖੀ ਰੱਖੀਂ ਸਦਾ ਮਾਵਾਂ ਨੂੰ।**

**ਲੇਖਕ-ਡਾ. ਬੂਟਾ ਸਿੰਘ ਸੇਖੋਂ**
**ਜਤਿੰਦਰ ਕੌਰ ਸੇਖੋਂ**
**ਪਿੰਡ-ਬੋੜਾਵਾਲ (ਮਾਨਸਾ) 9417760000**

# ਅਸਫਲਤਾਵਾਂ ਤੋਂ ਬਾਅਦ ਹੀ ਮਿਲਦੀ ਹੈ ਸਫਲਤਾ





ਸੰਜੀਵ ਸਿੰਘ ਸੈਣੀ, ਮੋਹਾਲੀ

ਜ਼ਿੰਦਗੀ ਇੱਕ ਕਲਾ ਹੈ। ਹਰ ਕੰਮ ਨੂੰ ਕਰਨ ਲਈ ਕੁਝ ਨਾ ਕੁਝ ਕੀਮਤ ਚੁਕਾਉਣੀ ਪੈਂਦੀ ਹੈ, ਹਰ ਟੀਚੇ ਤੇ ਪਹੁੰਚਣ ਲਈ ਮਿਹਨਤ ਕਰਨੀ ਪੈਂਦੀ ਹੈ ।ਜੇ ਸਾਡਾ ਟੀਚਾ ਵਧੀਆ ਹੋਵੇਗਾ ਤਾਂ ਅਸੀਂ ਮੰਜ਼ਿਲ ਸਰ ਕਰ ਸਕਦੇ ਹਨ । ਹਰ ਨਵੀਂ ਸਵੇਰ ਉਮੀਦ ਲੈ ਕੇ ਆਉਂਦੀ ਹੈ। ਜ਼ਿੰਦਗੀ ਵਿੱਚ ਬਹੁਤ ਵਾਰ ਅਸਫਲਤਾਵਾਂ ਮਿਲਦੀਆਂ ਹਨ । ਕਦੇ ਵੀ ਉਦਾਸ ਨਾ ਹੋਵੋ। ਸੋਚੋ ਕਿ ਸਫਲਤਾ ਸਾਨੂੰ ਕਿਉਂ ਨਹੀਂ ਮਿਲੀ। ਸਾਡੀ ਕਿਹੜੀ ਅਜਿਹੀ ਗਲਤੀ ਸੀ, ਜਿਹੜੀ ਸਾਨੂੰ ਆਪਣੇ ਟੀਚੇ ਤੇ ਨਹੀਂ ਪਹੁੰਚਾ ਸਕੀ ।ਫਿਰ ਸੰਘਰਸ਼ ਕਰੋ।ਮਿਹਨਤ ਕਰਦੇ ਰਹੋ, ਫਲ ਦੀ ਇੱਛਾ ਨਾ ਕਰੋ। ਕਦੇ ਵੀ ਨਾ ਘਬਰਾਓ ।ਅਸਫਲਤਾ ਮਨੁੱਖ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕਰਦੀ ਹੈ। ਸਫਲ ਲੋਕਾਂ ਨੂੰ ਕੋਈ ਵੀ ਕੰਮ ਕਰਨਾ ਹੈ ਤਾਂ ਉਹ ਹਰ ਹਾਲ ਵਿੱਚ ਕਰ ਕੇ ਹੀ ਸਾਹ ਲੈਂਦੇ ਹਨ ।ਇਹ ਮੰਨ ਕੇ ਚੱਲੋ , ਜੇ ਕੋਈ ਮੁਸੀਬਤ ਪੈਦਾ ਹੋਈ ਹੈ ਤਾਂ ਉਸ ਦਾ ਹੱਲ ਵੀ ਹੈ ।ਕਈ ਵਾਰ ਸਖ਼ਤ ਮਿਹਨਤ ਨਾਲ ਵੀ ਮਨ ਚਾਹਿਆ ਟੀਚਾ ਨਹੀਂ ਮਿਲਦਾ ,ਪਰ ਜੋ ਲਗਾਤਾਰ ਮਿਹਨਤ ਕਰਦਾ ਹੈ ਤੇ ਮੁਸੀਬਤਾਂ ਦਾ ਡੱਟ ਕੇ ਸਾਹਮਣਾ ਕਰਦਾ ਹੈ ,ਸਫਲਤਾ ਉਸ ਦੇ ਪੈਰ ਚੁੰਮਦੀ ਹੈ ।ਦਰੱਖਤਾਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਪੱਤਝੜ ਵਿੱਚ ਉਨ੍ਹਾਂ ਦੇ ਪੱਤੇ ਝੜ ਜਾਂਦੇ ਹਨ ।ਅਤੇ ਰੁੱਖ ਨਵੇਂ ਪੱਤੇ ਆਉਣ ਦੀ ਆਸ ਰੱਖਦੇ ਹਨ ।ਤਾਂ ਜੋ ਉਹ ਰਾਹਗੀਰਾਂ ਨੂੰ ਛਾਂ ਦੇ ਸਕਣ ।ਸਾਨੂੰ ਸਿਰਫ ਮਹਾਨ ਵਿਅਕਤੀਆਂ ਨੂੰ ਨਹੀਂ ਦੇਖਣਾ ਚਾਹੀਦਾ ,ਸਗੋਂ ਉਨ੍ਹਾਂ ਦੇ ਕੰਮ ਦੇ ਤਰੀਕੇ ਨੂੰ ਵੀ ਦੇਖਣਾ ਚਾਹੀਦਾ ਹੈ। ਨਾਲ ਇਹ ਵੀ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਵਿੱਚ ਆਖਿਰ ਕੀ ਗੁਣ ਸੀ, ਉਨ੍ਹਾਂ ਨੇ ਇਸ ਮੰਜ਼ਿਲ ਨੂੰ ਸਰ ਕਿਵੇਂ ਕੀਤਾ ।ਕੋਈ ਵੀ ਇਨਸਾਨ ਜਨਮ ਤੋਂ ਸਫ਼ਲਤਾ ਦੀ ਗਾਰੰਟੀ ਲੈ ਕੇ ਪੈਦਾ ਨਹੀਂ ਹੁੰਦਾ, ਸਗੋਂ ਆਪਣੇ ਕੰਮ ਨੂੰ ਬਿਹਤਰੀਨ ਢੰਗ ਨਾਲ ਕਰਕੇ ਸਿਖਰ ਤੇ ਪੁੱਜਦੇ ਹਨ ।ਲੋਕਾਂ ਦੀ ਕਦੇ ਵੀ ਪ੍ਰਵਾਹ ਨਾ ਕਰੋ। ਗਲਤੀਆਂ ਤੋਂ ਸਿੱਖੋ ।ਗਲਤੀਆਂ ਦੁਬਾਰਾ ਨਾ ਕਰੋ ।ਸਾਨੂੰ ਆਪਣੀ ਕਾਬਲੀਅਤ ਦਾ ਪੂਰਾ ਪ੍ਰਯੋਗ ਕਰਨਾ ਚਾਹੀਦਾ ਹੈ ।ਚਾਹੇ ਉਹ ਸ਼ੌਕ ਕੋਈ ਵੀ ਖੇਤਰ ਦਾ ਹੋਵੇ ।ਸਾਨੂੰ ਸਮਾਜ ਵਿੱਚ ਅਜਿਹੀਆਂ ਉਦਾਹਰਨਾਂ ਮਿਲ ਜਾਂਦੀਆਂ ਹਨ ਜਿਨ੍ਹਾਂ ਕੋਲ ਜ਼ਿਆਦਾ ਸਰੋਤ ਨਾ ਹੋਣ ਕਰਕੇ ਵੀ ਮੰਜ਼ਿਲਾਂ ਨੂੰ ਸਰ ਕੀਤਾ ।ਅਬਰਾਹਿਮ ਲਿੰਕਨ ਜਿਸ ਦਾ ਬਚਪਨ ਗਰੀਬੀ ਵਿੱਚ ਵਿੱਚ ਬੀਤਿਆ ਸੀ , ਕਿਸ ਤਰ੍ਹਾਂ ਰਾਸ਼ਟਰਪਤੀ ਦਾ ਤਾਜ ਉਸ ਦੇ ਸਿਰ ਤੇ ਸੱਜਿਆ ਸੀ। ਜੇ ਮਹਾਨ ਬਣਨਾ ਚਾਹੁੰਦੇ ਹਾਂ ਤਾਂ ਆਪਣੇ ਖੇਤਰ ਵਿੱਚ ਵਧੀਆ ਪ੍ਰਦਰਸ਼ਨ ਕਰਨਾ ਪਵੇਗਾ ਤੇ ਮੁਸੀਬਤਾਂ ਦਾ ਡੱਟ ਕੇ ਸਾਹਮਣਾ ਕਰਨਾ ਪਵੇਗਾ, ਤਾਂ ਹੀ ਸਫਲਤਾ ਦੀ ਮੰਜ਼ਿਲ ਤੇ ਪੁੱਜ ਸਕਾਂਗੇ । ਝੂਠ ਦਾ ਕਦੇ ਵੀ ਸਹਾਰਾ ਨਾ ਲਵੋ ।ਹੌਂਸਲੇ ਨੂੰ ਆਪਣੇ ਵੈਰੀ ਨਾ ਹੋਣ ਦੇਵੋ। ਵਧੀਆ ਦੋਸਤਾਂ ਨਾਲ ਤਾਲਮੇਲ ਬਣਾ ਕੇ ਰੱਖੋ, ਜੋ ਤੁਹਾਨੂੰ ਅਸਫਲਤਾਵਾਂ ਦੇ ਦੌਰ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕਰਨ। ਦੁੱਖ ਸੁੱਖ ਤਾਂ ਆਉਂਦੇ ਰਹਿੰਦੇ ਹਨ ।ਆਪਣੀ ਜ਼ਿੰਦਗੀ ਵਿੱਚ ਸੰਘਰਸ਼ ਕਰਦੇ ਰਹੋ। ਜੋ ਲੋਕ ਸਮੁੰਦਰ ਵਿੱਚੋਂ ਹੀਰੇ ਮੋਤੀ ਚੁਣਦੇ ਹਨ, ਉਹ ਸਫਲਤਾ ਨੂੰ ਇੱਕ ਦਿਨ ਪ੍ਰਾਪਤ ਕਰਦੇ ਹਨ।



# ਕਿਉਂ ਪੰਜਾਬ ਸਰਕਾਰ ਵੀ ਕੇਂਦਰ ਸਰਕਾਰ ਦੀ ਤਰਜ਼ ਤੇ ਸਾਬਕਾ ਫੌਜੀਆਂ ਨੂੰ ਕਰ ਰਹੀ ਹੈ ਅਣਦੇਖਿਆ.. ?

ਫ਼ੌਜੀ ਇੱਕ ਬਹੁਤ ਹੀ ਵਿਲੱਖਣ ਤੇ ਜੋਸ਼ ਭਰਿਆ ਸ਼ਬਦਾਂ ਵਿੱਚੋ ਇੱਕ ਮਹਾਨ ਸ਼ਬਦ ਹੈ।ਜੋ ਨੌਜਵਾਨ ਦੇਸ਼ ਲਈ ਕੁੱਝ ਕਰਨ ਦੀ ਚਾਅ ਰੱਖਦੇ ਹਨ,ਉਹ ਆਪਣੇ ਲਈ ਫੌਜ਼ ਨੂੰ ਹੀ ਵੱਧ ਅਹਿਮੀਅਤ ਦਿੰਦੇ ਹਨ।ਪਰ ਜ਼ੇਕਰ ਫੌਜ਼ ਜਾਂ ਫ਼ੌਜੀ ਸਾਡੇ ਨੌਜਵਾਨਾਂ ਲਈ ਇੱਕ ਪ੍ਰੇਣਾ ਦਾ ਸ੍ਰੋਤ ਤੇ ਸੰਦੇਸ਼ ਹਨ ਤਾਂ ਫੇਰ ਇਹਨਾਂ ਫੌਜ਼ੀ ਵੀਰਾਂ ਲਈ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਵਿੱਤਕਰਾ ਕਿਉਂ ਕਰ ਰਹੀ ਹੈ।

ਫੌਜ਼ੀ ਬਣਨਾ ਜਾਂ ਫ਼ੌਜ ਵਿੱਚ ਭਰਤੀ ਹੋਣਾ ਆਪਣੇ ਆਪ ਨੂੰ ਬਲਦੀ ਭੱਠੀ ਵਿੱਚ ਦੇਣ ਦੇ ਹੀ ਬਰਾਬਰ ਹੁੰਦਾ ਹੈ,ਭਰਤੀ ਦੇ ਦੌਰਾਨ ਤੋਂ ਲੈਕੇ ਫ਼ੌਜ ਦੀ ਨੌ ਮਹੀਨੇ ਦੀ ਟ੍ਰੇਨਿੰਗ ਤੱਕ ਹਰੇਕ ਫੌਜ਼ੀ ਪੂਰੇ ਦੇਸ਼ ਲਈ ਆਪਣਾ ਆਪ ਨਿਸ਼ਾਵਰ ਕਰਨ ਤੱਕ ਦਾ ਜਜ਼ਬਾ ਤੇ ਹੌਂਸਲਾ ਆਪਣੇ ਅੰਦਰ ਇਕੱਠਾ ਕਰ ਲੈਂਦਾ ਹੈ, ਜ਼ਿਆਦਾਤਰ ਫ਼ੌਜੀ ਆਪਣੀ ਡਿਊਟੀ ਖ਼ਤਰਨਾਕ ਥਾਵਾਂ ਉੱਤੇ ਕਰਦੇ ਹਨ ਜਿਵੇਂ ਰੇਗਿਸਤਾਨ ਦਾ ਤਾਪਮਾਨ 50 ਡਿਗਰੀ ਤੋਂ ਉੱਪਰ ਹੋਣਾ,ਗਲੇਸ਼ੀਅਰ ਤਲ ਤੋਂ 18500 ਫੁੱਟ ਦੀ ਉਚਾਈ ਤੇ ਤਾਪਮਾਨ 48 ਡਿਗਰੀ ਤੱਕ ਹੋਣਾ ,ਦੂਸਰਾ ਉੱਥੇ ਆਕਸੀਜਨ ਦਾ ਘੱਟ ਹੋਣਾ ,ਜਾਂ ਨਾਮਾਤਰ ਹੀ ਹੁੰਦੀ ਹੈ।ਇਹੋ ਜਿਹੀਆਂ ਸਥਿਤੀਆਂ ਵਿੱਚ ਸਿਰ ਦਾ ਚਕਰਾਉਣਾ ਲਾਜ਼ਮੀ ਹੈ।

ਭਾਵੇਂ ਸਾਡੇ ਜਾਂਬਾਜ ਫ਼ੌਜੀ ਵੀਰਾਂ ਨੇ 1962,1965,1975,1999 ਦੀਆਂ ਚਾਰ ਜੰਗਾਂ ਲੜੀਆਂ ,ਇਹਨਾਂ ਜੰਗਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਫ਼ੌਜੀ ਵੀਰ ਸ਼ਹੀਦ ਵੀ ਹੋਏ,ਤੇ ਜਿੱਤ ਵੀ ਫ਼ਤਹਿ ਕੀਤੀ,ਭਾਵੇਂ ਅਸੀਂ 130 ਕਰੋੜ ਤੋਂ ਵੱਧ ਆਬਾਦੀ ਵਾਲ਼ੇ ਲੋਕ ਇਹਨਾਂ ਫੌਜੀਆਂ ਦੇ ਸਹਾਰੇ ਅਰਾਮ ਦੀ ਨੀਂਦ ਸੌਂਦੇ ਹਾਂ, ਪਰ ਕਿ ਅਸੀਂ ਇਹਨਾਂ ਨੂੰ ਬਣਦਾ ਮਾਣ ਸਤਿਕਾਰ ਦੇ ਰਹੇ ਹਾਂ ਕਿ ਨਹੀਂ।

ਸ਼ਹੀਦ ਹੋਏ ਫ਼ੌਜੀ ਵੀਰਾਂ ਲਈ ਇੱਕ ਦਿਨ ਵਾਸਤੇ ਆਪਣੇ ਆਪਣੇ ਫੇਸਬੁੱਕ ਪੇਜ਼ ਸਲਾਮ, ਜੈ ਹਿੰਦ,ਵਾਹਿਗੁਰੂ ਵਾਹਿਗੁਰੂ ਆਦਿ ਲਿਖਕੇ ਭਰ ਦਿੰਦੇ ਹਾਂ, ਕੀ ਅਸੀਂ ਤੁਸੀਂ ਤੇ ਸਰਕਾਰਾਂ ਨੇ ਇਹਨਾਂ ਨੂੰ ਜਾਂ ਇਹਨਾਂ ਦੇ ਪਰਿਵਾਰਾਂ ਦੀ ਕਦੇ ਕਿਸੇ ਨੇ ਮੁੜਕੇ ਸਾਰ ਲਈ ਹੈ, ਸ਼ਾਇਦ ਨਹੀਂ,ਸਰਕਾਰਾਂ ਦੇ ਨਾਲ ਨਾਲ ਅਸੀਂ ਲੋਕ ਵੀ ਇਹਨਾਂ ਦੀਆਂ ਸੇਵਾਵਾਂ ਨੂੰ ਅੱਖੋਂ ਓਹਲੇ ਕਰ ਦਿੰਦੇ ਹਾਂ।

ਰਿਟਾਇਰਮੈਂਟ ਤੋਂ ਬਾਅਦ ਸਾਬਕਾ ਫੌਜੀਆਂ ਲਈ ਪੰਜਾਬ ਪੁਲਿਸ ਵਿੱਚ ਭਰਤੀ ਲਈ 13% ਕੋਟਾ ਹੀ ਹੁੰਦਾ ਹੈ, ਪਰ ਇੱਥੇ ਵੀ ਇਹਨਾਂ ਨੂੰ ਬਣਦਾ ਹੱਕ ਤੇ ਰੁਤਬਾ ਨਹੀਂ ਦਿੱਤਾ ਜਾਂਦਾ, ਕਿਉਂਕਿ ਕਿ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਲਈ ਤੱਰਕੀ ਵੇਲ਼ੇ 16,24,30 ਸਾਲ ਪਿੱਛੋਂ ਤੱਰਕੀ ਦੇਣੀ ਹੀ ਹੁੰਦੀ ਹੈ, ਭਾਵੇ ਇਹਨਾਂ ਨੂੰ ਤਨਖਾਹਾਂ ਪਿੱਛਲੇ ਰੁਤਬਿਆਂ ਵਾਲੀਆਂ ਹੀ ਮਿਲਦੀਆਂ ਹਨ,ਪਰ ਤੱਰਕੀ ਵਾਲੇ ਸਟਾਰ ਜ਼ਰੂਰ ਮਿਲ ਜਾਂਦੇ ਹਨ।

ਪਰ ਸਾਬਕਾ ਫੌਜੀਆਂ ਨੇ ਆਪਣੀ ਮੁੱਖ ਸ਼ਰਤ ਜਾਂ ਬੇਨਤੀ ਪੱਤਰ ਪ੍ਰਮੁੱਖ ਸਕੱਤਰ ਪੰਜਾਬ ਨੂੰ ਲਿਖਤੀ ਰੂਪ ਵਿੱਚ ਦਿੱਤੀ ਗਈ ਸੀ, ਕੀ ਸਾਡੇ ਵੱਲੋਂ ਫ਼ੌਜ ਵਿੱਚ ਦਿੱਤੀਆਂ ਗਈਆਂ ਸੇਵਾਵਾਂ ਨੂੰ ਮੁੱਖ ਰੱਖਕੇ 16,24,30,ਦੇ ਅਨੁਪਾਤ ਨੂੰ ਘਟਾਕੇ ਸਾਬਕਾ ਫੌਜੀਆਂ ਲਈ 8,12,15,ਕਰਕੇ ਤੱਰਕੀਆਂ ਦਿੱਤੀਆਂ ਜਾਣ ਤਾਂ ਜੋ ਉਹਨਾਂ ਵੱਲੋਂ ਫ਼ੌਜ ਵਿੱਚ ਨਿਭਾਈ ਗਈ ਡਿਊਟੀ ਉੱਤੇ ਉਹ ਫ਼ਕਰ ਮਹਿਸੂਸ ਕਰਨ।

ਪਰ ਪੰਜਾਬ ਸਰਕਾਰ ਜਾਂ ਕਾਨੂੰਨ ਮੰਤਰਾਲੇ ਵੱਲੋ ਵੀ ਇਹਨਾਂ ਦੀਆਂ ਸੇਵਾਵਾਂ ਨੂੰ ਅਣਦੇਖਿਆ ਕਰ ਦਿੱਤਾ ਜਾਂਦਾ ਰਿਹਾ ਹੈ, ਉਹਨਾਂ ਨੂੰ ਭਰਤੀ ਵੇਲ਼ੇ ਆਮ ਹੀ ਸਿਪਾਹੀਆਂ ਵਾਲ਼ੇ ਰੁਤਬੇ ਨਾਲ ਨਿਵਾਜ਼ਿਆ ਜਾਂਦਾ ਹੈ, ਜਦ ਕੀ ਉਹਨਾਂ ਦੀਆਂ ਨਿਭਾਈਆਂ ਗਈਆਂ ਸੇਵਾਵਾਂ ਨੂੰ ਵੇਖਦਿਆਂ ਹੋਇਆ ਮੁੱਖ ਸਿਪਾਹੀ,ਏ.ਐਸ. ਆਈ.ਸਬ ਇੰਸਪੈਕਟਰ. ਇੰਸਪੈਕਟਰ ਆਦਿ ਰੁਤਬਿਆਂ ਨਾਲ਼ ਨਿਵਾਜ਼ਿਆ ਜਾਣਾ ਚਾਹੀਦਾ ਹੈ। ਜ਼ੇਕਰ ਕੋਈ ਵੀ ਫ਼ੌਜੀ ਵੀਰ ਆਪਣੀ ਰਿਟਾਇਰਮੈਂਟ ਤੋਂ ਬਾਅਦ ਪੰਜਾਬ ਪੁਲਿਸ ਵਿੱਚ ਆਪਣੇ ਕੋਟੇ ਮੁਤਾਬਿਕ ਦੁਬਾਰਾ ਡਿਊਟੀ ਕਰਨਾ ਚਾਹੁੰਦਾ ਹੈ ਤਾਂ ਉਸ ਵੱਲੋ ਫ਼ੌਜ ਵਿੱਚ ਨਿਭਾਈ ਗਈ ਸੇਵਾ ਦਾ ਪੂਰਾ ਪੂਰਾ ਲਾਭ ਮਿਲਣਾ ਚਾਹੀਦਾ ਹੈ, ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੂੰ ਚਾਹੀਂਦਾ ਹੈ ਕੀ ਸਾਡੇ ਸਾਬਕਾ ਫੌਜੀਆਂ ਵੱਲੋਂ ਨਿਭਾਈਆਂ ਗਈਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ,ਉਹਨਾਂ ਨੂੰ ਹਰੇਕ ਮਹਿਕਮੇ ਵਿੱਚ ਬਣਦੀਆਂ ਸਹੂਲਤਾਂ ਤੇ ਇੱਜਤ ਤੇ ਸਨਮਾਨ ਹਰੇਕ ਥਾਵੇਂ ਦਿੱਤਾ ਜਾਣਾ ਚਾਹੀਦਾ ਹੈ।

ਕਿਉਂਕਿ ਸਾਬਕਾ ਫੌਜੀ ਹੀ ਸਾਡੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਪ੍ਰੇਣਾ ਦਾ ਸ੍ਰੋਤ ਹਨ,ਸੋ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੂੰ ਬਿਨਾਂ ਕਿਸੇ ਵੀ ਸ਼ਰਤ ਇਹਨਾਂ ਫੌਜੀਆਂ ਦੀਆਂ ਸ਼ਰਤਾਂ ਪੂਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ,ਤਾਂ ਹੀ ਅਸੀਂ ਇੱਕ ਵਧੀਆਂ ਸਮਾਜ ਦੀ ਕਲਪਨਾਂ ਕਰ ਸਕਦੇ ਹਾਂ, ਇਹਨਾਂ ਸਾਬਕਾ ਫੌਜੀਆਂ ਦਾ ਸਤਿਕਾਰ ਪੂਰੇ ਦੇਸ਼ ਦਾ ਸਤਿਕਾਰ ਹੋਵੇਗਾ।

**ਲਿਖ਼ਤ ਗੁਰਪ੍ਰੀਤ ਸਿੰਘ ਜਖਵਾਲੀ**
**ਮੋਬਾਇਲ 98550 36444**

# ਬਚਪਨ ਬਨਾਮ ਆਧੁਨਿਕਤਾ

ਫੁੱਲਾਂ ਦੀ ਤਰ੍ਹਾਂ ਖਿੜੇ ਹੋਏ ਚਿਹਰਿਆਂ ਨੂੰ ਵੇਖ ਕੇ ਹਰ ਇਕ ਦੀ ਰੂਹ ਖੁਸ਼ ਹੋ ਜਾਂਦੀ ਹੈ। ਬੱਚਿਆਂ ਨਾਲ ਅਸੀਂ ਸਾਰੇ ਬੱਚੇ ਬਣ ਜਾਂਦੇ ਹਾਂ ਅਤੇ ਇਨ੍ਹਾਂ ਦੀਆਂ ਤੁਤਲੀਆਂ ਗੱਲਾਂ ਚੰਗੇ ਭਲੇ ਇਨਸਾਨ ਨੂੰ ਵੀ ਤੁਤਲਾ ਬਣਾ ਦਿੰਦੀਆਂ ਹਨ।ਬਚਪਨ ਵਿੱਚ ਮਾਣੀਆਂ ਮੌਜਾਂ ਬਹਾਰਾਂ ਸਾਨੂੰ ਹਮੇਸ਼ਾ ਯਾਦ ਰਹਿੰਦੀਆਂ ਹਨ ਕਿਉਂਕਿ ਬਚਪਨ ਅਜਿਹੀ ਅਵਸਥਾ ਹੈ ਜੋਂ ਬੁਢਾਪੇ ਦੀ ਤਰ੍ਹਾਂ ਬੋਝ ਨਹੀਂ ਮੰਨੀ ਜਾਂਦੀ ਤੇ ਚਾਵਾਂ ਨਾਲ ਬੱਚੇ ਦੀ ਪਰਵਰਿਸ਼ ਕੀਤੀ ਜਾਂਦੀ ਹੈ। ਅਸੀਂ ਵੱਡੇ ਜਦ ਬਚਪਨ ਤੇ ਚੱਲ ਰਹੀ ਜ਼ਿੰਦਗੀ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਸਹਿਜ ਹੀ ਇਹ ਅੰਤਰ ਗਿਆਤ ਹੋ ਜਾਂਦਾ ਹੈ। ਸਾਡੇ ਤੇ ਸਾਡੇ ਬੱਚਿਆਂ ਦੇ ਬਚਪਨ ਵਿੱਚ ਵਾਕਈ ਇਕ ਪੀੜ੍ਹੀ ਦਾ ਫ਼ਰਕ ਹੈ,ਜੋਂ ਦਿਨੋਂ ਦਿਨ ਵੱਧ ਰਹੀ ਆਧੁਨਿਕਤਾ ਦਾ ਸਿੱਟਾ ਹੈ। ਸਾਡਾ ਬਚਪਨ ਅਣਭੋਲ , ਆਜ਼ਾਦ ਤੇ ਕੁਦਰਤ ਦੀ ਗੋਦ ਵਿੱਚ ਬਿਨਾਂ ਕਿਸੇ ਡਰ ਤੋਂ ਗੁਜ਼ਰਿਆ,ਦੂਜੇ ਪਾਸੇ ਸਾਡੇ ਬੱਚਿਆਂ ਦਾ ਬਚਪਨ ਅਣਭੋਲ ਤਾਂ ਹੈ ,ਪਰ ਬਣਾਵਟੀ ਤਬੀਅਤ ਦਾ ਮਾਲਕ ਹੈ। ਜਿਸ ਵਿੱਚ ਮਨੁੱਖ ਸਿਰਜਿਆ ਆਲਾ-ਦੁਆਲਾ, ਡਰ, ਸਹਿਮ ਤੇ ਅਸੁਰੱਖਿਆ ਭਰੀ ਪਈ ਹੈ। ਸਾਡੇ ਰੋਕਾਂ ਟੋਕਾਂ ਤੇ ਨਾਂਹ- ਪੱਖੀ ਵਤੀਰਾ ਨਾਲ ਬੱਚਿਆਂ ਵਿੱਚ ਕਮਜ਼ੋਰੀ ਪਨਪ ਰਹੀ ਹੈ। ਇਸ ਨਾਲ ਉਸਦੇ ਸਰਵਪੱਖੀ ਵਿਕਾਸ ਵਿੱਚ ਬਹੁਤ ਰੁਕਾਵਟਾਂ ਆ ਰਹੀਆਂ ਹਨ।

ਅੱਜ ਅਸੀਂ ਤਕਨੀਕ ਦੇ ਅਜਿਹੇ ਉਸ ਦੌਰ ਵਿੱਚੋਂ ਗੁਜ਼ਰ ਰਹੇ ਹਾਂ ਜਿੱਥੇ ਅਸੀਂ ਬੱਚੇ ਨੂੰ ਹਰ ਪੱਖੋਂ ਤਕਨੀਕ ਨਾਲ ਜੋੜਣ ਦੀ ਕੋਸ਼ਸ਼ ਤਾਂ ਕਰ ਰਹੇ ਹਾਂ ਪਰ ਉਸਨੂੰ ਆਪਣੇ ਨਾਲ ਨਹੀਂ ਜੋੜ ਰਹੇ। ਇਸ ਨਾਲ ਅਸੀਂ ਸਿਰਫ ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੀ ਮਸ਼ੀਨ ਬਣਦੇ ਜਾ ਰਹੇ ਹਾਂ।

ਤਕਨੀਕੀ ਸਾਧਨਾਂ ਦੀ ਭਰਮਾਰ ਉਹਨਾਂ ਨੂੰ ਭਾਵਨਾਤਮਕ ਤੌਰ ਤੇ ਬਹੁਤ ਕਮਜ਼ੋਰ ਬਣਾ ਰਹੀ ਹੈ। ਅਜੋਕੇ ਬੱਚਿਆਂ ਦਾ ਮੋਬਾਇਲਾਂ ਦੇ ਨਾਲ ਐਨਾ ਲਗਾਵ ਹੋ ਚੁੱਕਾ ਹੈ ਕਿ ਜੇਕਰ ਅਸੀਂ ਉਹਨਾਂ ਤੋਂ ਕੁਝ ਪੁੱਛੀਏ-ਦੱਸੀਏ , ਤਾਂ ਉਹ ਸਾਡੀ ਗੱਲ ਤੋਂ ਵੱਧ ਮੋਬਾਇਲ ਫੋਨ ਨੂੰ ਤਰਜੀਹ ਦਿੰਦੇ ਹਨ। ਅੱਜ ਦੇ ਅਸੁਰੱਖਿਅਤ ਸਮੇਂ ਵਿੱਚ ਬੱਚਾ ਸਰੀਰਕ ਖੇਡਾਂ ਨਾਲੋਂ ਆਨਲਾਈਨ ਖੇਡਾਂ ਨੂੰ ਵੱਧ ਤਵੱਜੋਂ ਦਿੰਦਾ ਹੈ। ਇਸ ਦੇ ਜ਼ਿੰਮੇਵਾਰ ਬੱਚੇ ਨਹੀਂ ਅਸੀਂ ਖ਼ੁਦ ਹਾਂ, ਕਿਉਂਕਿ ਅਸੀਂ ਹੀ ਹਾਂ ,ਜੋਂ ਬੱਚੇ ਨੂੰ ਬਾਹਰ ਭੇਜਣ ਦੇ ਡਰੋਂ, ਉਸਨੂੰ ਆਪਣੀ ਅੱਖਾਂ ਹੇਠ ਰੱਖਣ ਲਈ ਮੋਬਾਇਲ ਫੋਨ ਫੜਾ ਦਿੰਦੇ ਹਾਂ , ਕਿਉਂਕਿ ਉਹਨਾਂ ਨਾਲ ਖੇਡਣ ਦਾ ਸਮਾਂ ਸਾਡੇ ਕੋਲ ਹੈ ਹੀ ਨਹੀਂ। ਇਸ ਲਈ ਉਹ ਮੋਬਾਇਲ ਵਿੱਚ ਸਾਰਾ ਸਮਾਂ ਗੁਜ਼ਾਰਦਾ ਹੈ। ਹੁਣ ਜੇਕਰ ਉਹ ਕਿਸੇ ਦੇ ਨਾਲ ਮਿਲੇਗਾ ਨਹੀਂ ,ਕਿਸੇ ਨਾਲ ਗੱਲਬਾਤ ਨਹੀਂ ਤਾਂ ਸਮਾਯੋਜਨ , ਮਿਲਵਰਤਣ ਤੇ ਗੱਲਬਾਤ ਦਾ ਹੁਨਰ ਤਾਂ ਉਸ ਅੰਦਰ ਵਿਕਸਿਤ ਹੀ ਨਹੀਂ ਹੋਵੇਗਾ । ਇਸ ਨਾਲ ਉਸਦਾ ਵਿਅਕਤੀਤੱਵ ਦਾ ਕਿੰਨਾ ਕੁ ਵਿਕਾਸ ਹੋਵੇਗਾ, ਅਸੀਂ ਇਹ ਖੁਦ ਸੋਚ ਸਕਦੇ ਹਾਂ। ਜੋਂ ਅੱਗੇ ਜਾ ਕੇ ਮਨੋਵਿਗਿਆਨਕ ਤੇ ਮਾਨਸਿਕ ਪ੍ਰੇਸ਼ਾਨੀ ਦਾ ਰੂਪ ਲੈ ਸਕਦਾ ਹੈ। ਜੇਕਰ ਬੱਚਾ ਮਨੋਵਿਗਿਆਨਕ ,ਮਾਨਸਿਕ,ਸਮਾਜਿਕ ਪੱਖੋਂ ਪ੍ਰੇਸ਼ਾਨ ਰਹਿੰਦਾ ਹੈ ਤਾਂ ਉਹ ਸਰੀਰਕ ਪੱਖੋਂ ਤੰਦਰੁਸਤ ਕਿਵੇਂ ਰਹੇਗਾ।

ਅੱਜ ਕੋਵਿਡ -19 ਦੇ ਨਾਲ ਪ੍ਰਭਾਵਿਤ ਸਭ ਤੋਂ ਵੱਧ ਵੀ ਬੱਚੇ ਹੀ ਹੋਏ ਕਿਉਂਕਿ ਅਸੀਂ ਵੱਡੇ ਐਹੋ ਜਿਹੀਆਂ ਸੱਮਸਿਆਵਾਂ ਨੂੰ ਨਜਿੱਠ ਲੈਂਦੇ ਹਾਂ ਪਰ ਬੱਚੇ ਫੇਰ ਡਰ, ਸਹਿਮ, ਦੇ ਕਾਰਨ ਘਰਾਂ ਵਿਚ ਬੰਦ ਹਨ। ਉਹ ਆਪਣੇ ਦੋਸਤਾਂ -ਮਿੱਤਰਾਂ ਦੀ ਕਮੀਂ ਮਹਿਸੂਸ ਕਰ ਰਹੇ ਹਨ।ਉਹ ਬੱਚੇ ਜੋਂ ਪਹਿਲਾਂ ਸਕੂਲ ਜਾਣ ਤੇ ਰੋਂਦੇ ਸੀ ਹੁਣ ਉਹ ਸਕੂਲ ਜਾਣ ਦੀ ਜ਼ਿੱਦ ਕਰ ਰਹੇ ਹਨ। ਅਜਿਹੇ ਸਮੇਂ ਵਿੱਚ ਉਹਨਾਂ ਨੂੰ ਸਾਡੇ ਸਾਥ ਦੀ ਬਹੁਤ ਜ਼ਰੂਰਤ ਹੈ ,ਕਿਉਂਕਿ ਇਸ ਸਮੇਂ ਸਾਡਾ ਸਮਾਂ ਉਹਨਾਂ ਲਈ ਕਿਸੇ ਕੀਮਤੀ ਖਿਡੌਣੇ ਤੋਂ ਵੱਧ ਅਸਰਦਾਰ ਹੋ ਸਕਦਾ ਹੈ।ਬੱਚੇ ਦੇ ਬਚਪਨ ਵਿੱਚ ਇਹ ਖੜੋਤ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ।ਇਸ COVID-19 ਦੇ ਸਮੇਂ ਜੇਕਰ ਸੰਸਾਰ ਦੀ ਅਰਥਵਿਵਸਥਾ ਡਗਮਗਾਈ ਹੈ ਤਾਂ ਬੱਚੇ ਦੇ ਬਚਪਨ ਤੇ ਵੀ ਡੂੰਘਾ ਪ੍ਰਭਾਵ ਪਿਆ ਹੈ। ਅੰਤ ਵਿਚ ਅਸੀਂ ਇਹੀ ਕਹਿਣਾ ਚਾਹਵਾਂਗੇ ਇਹ ਸਮਾਂ ਬੱਚਿਆਂ ਨੂੰ ਸੰਭਾਲਣ ਦਾ ਹੈ। ਜੇਕਰ ਅਸੀਂ ਬੱਚਿਆਂ ਲਈ ਸਮਾਂ ਕੱਢਾਂਗੇ ਤਾਂ ਹੀ ਕੱਲ ਨੂੰ ਉਹ ਸਾਡੇ ਲਈ ਸਮਾਂ ਕੱਢਣਗੇ। ਜ਼ਰੂਰਤ ਹੈ ਅਸੀਂ ਆਪਣੇ ਸਮੇਂ ਵਿਚੋਂ ਸਮਾਂ ਕੱਢ ਕੇ ਉਨ੍ਹਾਂ ਨੂੰ ਆਪਣੇ ਕੋਲ ਬਿਠਾਈਏ , ਉਹਨਾਂ ਨੂੰ ਆਪਣੇ ਨਾਲ ਸੈਰ ਤੇ ਲ਼ੈ ਕੇ ਜਾਈਏ, ਉਹਨਾਂ ਨਾਲ ਗੱਲਾਂ ਕਰੀਏ, ਛੋਟੀਆਂ-ਮੋਟੀਆਂ ਖੇਡਾਂ ਖੇਡੀਏ, ਇਸਨਾਲ ਬੱਚਾ ਆਨੰਦ ਮਹਿਸੂਸ ਕਰਦਾ ਹੈ ਤੇ ?ਸਦੀ ਸਾਡੇ ਨਾਲ ਦਿਲੀ ਸਾਂਝ ਹੋਰ ਵੀ ਗੂੜੀ ਹੁੰਦੀ ਜਾਂਦੀ ਹੈ ਜੋ ਦੋਵਾਂ ਧਿਰਾਂ ਨੂੰ ਸਕੂਨ ਦੇਣ ਵਾਲੀ ਹੁੰਦੀ ਹੈ।ਸੋ ਆਉ , ਸਾਰੇ ਆਪਣੇ ਰੁਝੇਵਿਆਂ ਵਿੱਚੋਂ ਕੁਝ ਸਮਾਂ ਕੱਢ ਕੇ ਆਪਣੇ ਬੱਚਿਆਂ ਦੇ ਸਾਥੀ ਬਣੀਏ ਅਤੇ ਉਹਨਾਂ ਨੂੰ ਹਰ ਪੱਖ ਤੋਂ ਮਜ਼ਬੂਤ ਬਣਾਈਏ।

**ਲੇਖਕ -ਡਾ.ਬੂਟਾ ਸਿੰਘ ਸੇਖੋਂ**
**ਜਤਿੰਦਰ ਕੌਰ ਸੇਖੋਂ**
**ਸੰਪਰਕ-9417760000**

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 331

Website: www.preetnama.com Email preetnamausa@gmail.com

05 DEC TO 11 DEC, 2025





# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 331

Website: www.preetnama.com Email preetnamausa@gmail.com

05 DEC TO 11 DEC, 2025




# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 331

Website: www.preetnama.com Email preetnamausa@gmail.com

05 DEC TO 11 DEC, 2025




# ਪ੍ਰੀਤ ਫੁਲਵਾੜੀ

## ਖਾਰਾਂ

ਹੱਕਾਂ ਦੇ ਲਈ ਲੜਨ ਵਾਲੇ ,
ਮੈਂ ਵਿਕਦੇ ਵੇਖੇ ਵਿਚ ਬਜਾਰਾਂ ,
ਕੁਝ ਵਿਕ ਜਾਂਦੇ , ਕੁਝ ਦਬ ਜਾਂਦੇ
ਹੇਠ , ਸਮੇਂ ਦੀਆਂ ਸਰਕਾਰਾਂ ।
ਫੋਕੀ ਟੋਹਰ ਜੋਗਾ ਬੰਦਾ ਰਹਿ ਗਿਆ ,
ਲੋਨ ਤੇ ਲੈਂਦਾ ਕੋਠੀਆਂ ਕਾਰਾਂ ।
ਕੁਦਰਤ ਦਾ , ਅੱਜ ਬਣਕੇ ਵੈਰੀ ,
ਮਾਰੇ , ਚਿੜੀਆਂ , ਘੁੱਗੀਆਂ , ਗਟਾਰਾਂ ।
ਗੰਗਾ ਦੇ ਵਿਚ ਸੁੱਟ ਕੇ ਗੰਦ ,
ਪਾਣੀ ਭਾਲਦਾ , ਠੰਡਾ ਮਿੱਠਾ ਠਾਰਾਂ ।
ਕਾਰਖਾਨੇ ਲਾ , ਹਵਾ ਜਹਿਰੀਲੀ ਕੀਤੀ
ਪ੍ਰਦੂਸਣ ਪਾਇਆ , ਆਪਣੇ ਤੇ ਭਾਰਾ ।
ਰੱਬ ਦਾ ਕੋਈ , ਦੋਸ ਨਾ 'ਦਰਦੀ'
ਬੰਦਾ ਬੰਦੇ ਨਾਲ ਕੱਢਦਾ ਖਾਰਾਂ ।

**ਸ਼ਿਵਨਾਥ ਦਰਦੀ**
**ਸੰਪਰਕ:- 98551/55392**

## *ਤੀਆਂ ਅਤੇ ਧੀਆਂ*

ਭਾਦੋਂ ਵਿਚ ਜਦੋਂ ਤੀਆਂ ਆਉਂਦੀਆਂ ਸੀ,
ਧੀਆਂ ਨੱਚਦੀਆਂ ਤੇ ਨਚਾਉਂਦੀਆਂ ਸੀ।
ਨਵੀਂ ਲੱਜ ਅਤੇ ਨਵੀਂ ਫੱਟੀ ਨਾਲ,
ਪਿੱਪਲਾਂ ਤੇ ਪੀਂਘਾਂ ਪਾਉਂਦੀਆਂ ਸੀ।
ਕੋਈ ਦਾਦੀ ਤੋਂ ਤੇ ਕੋਈ ਨਾਨੀ ਤੋਂ,
ਤੀਆਂ ਲਈ ਸੂਟ ਸਵਾਉਂਦੀਆਂ ਸੀ।
ਇਕ ਦੂਜੀ ਨਾਲ ਜਿੱਦ ਲਾ ਲਾ ਕੇ,
ਫਿਰ ਉੱਚੀ ਹੀਂਘ ਚੜ੍ਹਾਉਂਦੀਆਂ ਸੀ।
ਬੋਲੀਆਂ ਪਾ ਕੇ ਇਕ ਦੂਜੀ ਨੂੰ,
ਜਿੱਤਦੀਆਂ ਅਤੇ ਹਰਾਉਂਦੀਆਂ ਸੀ।
ਉਹ ਜਿੱਤਾਂ ਹਾਰਾਂ ਖੁਸੀ ਲਈ ਸੀ,
ਉਂਝ ਮਿਲ ਕੇ ਜਸਨ ਮਨਾਉਂਦੀਆਂ ਸੀ।
ਕੋਈ ਛੱਲੀਆਂ ਭੁੰਨ ਲਿਆਉਂਦੀ ਸੀ,
ਕੋਈ ਲਿਆਉਂਦੀ ਮੁਰਮਰੇ ਮੱਕੀ ਦੇ,
ਕੋਈ ਮਿੱਠੀਆਂ ਮੱਠੀਆਂ ਗੁਲਗਲੇ ਲੈਣ,
ਕਦੇ ਭੁੰਨੇ ਛੋਲੇ ਫੱਕੀਂ ਦੇ।
ਤੀਆਂ ਦੇ ਸੋਹਲ ਨਜਾਰੇ ਉਹ,
ਹੁਣ ਕਿਧਰੇ ਨਹੀਂਓਂ ਤੱਕੀਂ ਦੇ।
ਉਂਝ ਛਪਾਉਂਦੀਆਂ ਦਿਲ ਦੀਆਂ ਦਿਲ ਵਿਚ,
ਦਿਲ ਦੇ ਭੇਦ ਬੋਲੀ ਵਿੱਚ ਦੱਸਣ।
ਅੰਬਰੀਂ ਪੈਂਦੀ ਗੂੰਜ ਗਿੱਧੇ ਦੀ,
ਤੀਆਂ ਵਿੱਚ ਇਹ ਖੁੱਲ੍ਹ ਕੇ ਹੱਸਣ।
ਰਹੇ ਚਿਹਰਿਆਂ ਉੱਤੇ ਰੌਣਕ,
ਹੱਸਦੀਆਂ ਰਹਿਣ ਯੁੱਗੋ ਯੁੱਗ ਵੱਸਣ।
ਨਾ ਹੁਣ ਤੀਆਂ ਨਾ ਪਿੱਪਲ ਨੇ,
ਉਹ ਮਿੱਠਾ ਬਦਲ ਸੰਗੀਤ ਗਿਆ।
ਨਾ ਨੱਚਣ ਗਾਵਣ ਕੁੜੀਆਂ ਹੁਣ,
ਨਾ ਬੋਲੀ ਨਾ ਓ ਗੀਤ ਰਿਹਾ,
ਸਭ ਰੰਗ ਬਦਲਗੇ ਜੀਵਨ ਦੇ,
ਉਹ ਇੱਕ ਜਮਾਨਾ ਬੀਤ ਗਿਆ।
ਬੋਹੜ ਟਾਹਲੀਆਂ ਪਿੱਪਲ ਕੱਟ ਕੇ,
ਵੈਰੀ ਬਣ ਗਏ ਹੁਣ ਰੁੱਖਾਂ ਦੇ।
ਜਨਮ ਦੇਣ ਤੋਂ ਪਹਿਲਾਂ ਧੀਆਂ,
ਕਤਲ ਹੋਣ ਵਿੱਚ ਕੁੱਖਾਂ ਦੇ।
ਖ਼ੁਦ ਪੁੱਟ ਕੇ ਜੜ੍ਹਾਂ ਭਵਿੱਖ ਦੀਆਂ,
ਅਸੀਂ ਕਾਤਲ ਬਣ ਗਏ ਸੁੱਖਾਂ ਦੇ।

**ਸ੍ਰੀ ਪ੍ਰੇਮ ਸਰੂਪ (ਛਾਜਲੀ)**
**9417134982**

## ਦੂਹਰੀ ਵਧਾਈ

ਧੰਨ ਤੂੰ ਵਰਿੰਦਰ ਪਾਲ ਸਿੰਘ ,
ਤੇ ਧੰਨ ਤੇਰੀ ਰੁਸਵਾਈ ।
ਏਸ ਪ੍ਰਾਪਤੀ ਅਤੇ ਅਣਖ ਲਈ,
ਦੂਹਰੀ ਤੀਹਰੀ ਵਧਾਈ ।
ਦੇਸ਼ ਦੇ ਕਿਰਤੀ ਕਾਮਿਆਂ ਸਿਰ ,
ਅਹਿਸਾਨ ਵੱਡਾ ਤੂੰ ਕੀਤਾ ;
ਅੰਨਦਾਤਿਆਂ ਦੇ ਘੋਲ਼ ਦੇ ਹੱਕ 'ਚ,
ਜੋ ਆਵਾਜ਼ ਉਠਾਈ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**9478408898**

## ਕਵਿਤਾ :- ਵਾਰਤਾਲਾਪ

ਰੱਬਾ ਮੈ ਪੁੱਛਿਆ ਸੀ ਤੇਥੋਂ ਇਕ ਸਵਾਲ
ਤੂੰ ਕਿਉਂ ਸੁਣਕੇ ਵੀ ਦਿੱਤਾ ਨਹੀਓ ਜਵਾਬ ।
ਰੱਬਾ ਜੇ ਇਹ ਰੰਗੀ ਹੋਈ ਦੁਨੀਆ ਤੇਰੀ ਏ
ਫੇਰ ਕਿਉਂ ਲੋਕਾਂ ਪਾਈ ਘੁੰਮਣ ਘੇਰੀ ਏ ।
ਰੱਬਾ ਜੇ ਲੋਕ ਪਾਠ – ਪੂਜਾ ਨਿਤ ਤੇਰੀ ਕਰਦੇ ਨੇ
ਫੇਰ ਕਿਉਂ ਐਵੇਂ ਤੇਰੇ ਨਾਮ ਤੇ ਦੰਗੇ ਕਰਦੇ ਨੇ ।
ਰੱਬਾ ਜੇ ਦੁਨੀਆ ਤੂੰ ਸੱਚੀ ਬਣਾਈ ਏ
ਫੇਰ ਕਿਉਂ ਲੋਕਾਂ ਨੰਗੀ ਕਰ ਦਿਖਾਈ ਏ ।
ਰੱਬਾ ਮੰਨਿਆ ਤੂੰ ਸੱਭ ਨੂੰ ਮਿਹਨਤ ਦੇ ਰਾਹ ਪਾਇਆ ਏ
ਫੇਰ ਕਿਉਂ ਲੋਕਾਂ ਆਪਸ ਵਿੱਚ ਹੀ ਕਹਿਰ ਕਮਾਇਆ ਏ ।
ਰੱਬਾ ਜੇ ਦੁਨੀਆ ਸੱਚੀ ਤੇਰੇ ਤੋਂ ਡਰਦੀ ਏ
ਫੇਰ ਕਿਉਂ ਐਵੇਂ ਜਿਸਮਾਂ ਦਾ ਸ਼ਿਕਾਰ ਕਰਦੀ ਏ ।
ਰੱਬਾ ਜੇ ਤੂੰ ਸੱਭ ਨੂੰ ਸੱਚ ਦਾ ਪਾਠ ਪੜ੍ਹਾਇਆ ਏ
ਫੇਰ ਕਿਉਂ ਲੋਕਾਂ ਧੋਖੇ ਦਾ ਹੀ ਰਾਹ ਅਪਣਾਇਆ ਏ ।
ਰੱਬਾ ਚੱਲ ਮੰਨਿਆ ਕਿ ਦੁਨੀਆ ਤੈਨੂੰ ਸੱਜਦਾ ਕਰਦੀ ਏ
ਫੇਰ ਕਿਉਂ ਜ਼ੁਲਮ ਵੇਲੇ ਅਕਸਰ ਤੈਨੂੰ ਹੀ ਭੁੱਲ
ਜਾਇਆ ਕਰਦੀ ਏ ।

**ਜਸਕੀਰਤ ਸਿੰਘ**
**ਸੰਪਰਕ :- 98889-49201**

## ਮਸ਼ਾਲ

ਪੋਤਾ ਦਾਦੇ ਦੀ ਮਸ਼ਾਲ ਬਣਿਆ
ਗੁਰੂ ਗੋਬਿੰਦ ਸਿੰਘ ਦੇ ਤੀਰ ਦਾ
ਕਮਾਨ ਬਣਿਆ
ਆਹ ਚੱਲ ਪਿਆ ਦੀਵਾ
ਸਖਤ ਹਨੇਰ ਚ'
ਮੱਘਦਾ ਮਘਾਉਂਦਾ
ਜਿਹੜਾ ਬੁਝੇ ਨਾਂ
ਬੁਝਾਇਆਂ
ਲਾਟ ਬਣਿਆਂ
ਮਸ਼ਾਲ ਬਣਿਆ
ਵਿਹੜਿਆਂ ਬਨੇਰਿਆਂ
ਬੰਦ ਕਮਰਿਆਂ ਦਾ
ਚਾਨਣ ਬਣਿਆ
ਬਾਡਰਾਂ ਦੀ ਰੋਸ਼ਨੀ ਬਣਿਆ
ਪੋਤਾ ਦਾਦੇ ਦੀ ਮਸ਼ਾਲ ਬਣਿਆ
ਗੁਰੂ ਗੋਬਿੰਦ ਸਿੰਘ ਦੇ ਤੀਰ ਦਾ
ਕਮਾਨ ਬਣਿਆ
ਹਵਾਵਾਂ ਨੇ ਸੇਕ ਸੁਨੇਹਾ ਦਿੱਤਾ
ਵਲੂੰਧਰਿਆਂ
ਝੰਜੋੜਿਆਂ
ਕਣ ਕਣ
ਚੱਲ ਪਿਆ
ਆਲ ਦੁਆਲ ਹਲਚਲ ਹੋਈ
ਸਮੁੰਦਰੀ ਟਾਪੂ ਤੇ
ਜਲ ਥੱਲ ਹੋਈ
ਲੰਮਾ ਸੈਲਾਬ ਚੱਲ ਪਿਆ
ਮਿਹਨਤਕਸ਼ ਕਰਮੀ ਧਰਮੀ ਚੱਲ ਪਿਆ
ਓਹ ਇੱਟਲੀ ਫਰਾਂਸ ਅਫਰੀਕਾ ਚੱਲ ਪਿਆ
ਕਿਊਬਾ ਕਸ਼ਮੀਰ ਕੋਲੋਰਾਡੋ ਸੀਰੀਆ ਚੱਲ ਪਿਆ
ਬੇਬਾਕ ਬੇਖੌਫ ਬੇ – ਡੱਰ ਚੱਲ ਪਿਆ
ਏਸ ਦੌਰ ਚ' ਕੁੱਲ ਸੰਸਾਰ ਚੱਲ ਪਿਆ
ਦਰਿਆਵਾਂ ਨੇ ਜਿਵੇਂ ਸਿੱਟ ਲਿਆ ਹੋਵੇ ਡੈਮ
ਤੇ ਨਿਰੰਤਰ ਵਹਾਅ ਚੱਲ ਪਿਆ
ਸ਼ਾਂਤਮਈ ਯੁੱਧਾਂ ਦੀ ਪਰਿਭਾਸਾ
ਜਾਣ ਗਏ ਨਾਨਕ ਦੇ ਜਾਏ
ਵਰਦੀ ਧਾਰੀ ਵੀ ਆਦਮ ਦੇ ਜਾਏ
ਫੀਤੀਆਂ ਤਗਮਿਆਂ ਦੀ ਹੋੜ – ਦੌੜ
ਚ' ਫਿਰੇ ਕੁਮਲਾਏ
ਅੰਤਰਾਸਟਰੀ ਯੁੱਧ ਚੱਲ ਰਿਹਾ ਹੋਵੇ
ਤੇ ਟਰੈਕਟਰ ਖੇਤ ਚ' ਕਿਵੇਂ ਓੱਤਰ ਸਕਦੈ ?
ਘਰ ਦੇ ਜੀ ਘੂਕ ਕਿਵੇਂ ਸੌਂ ਸਕਦੇ ?
ਬੇਹੱਦ ਭਿਆਨਕ ਦੌਰ
ਬੰਦਿਆਂ ਲਾਤਾ ਪੂਰਾ ਜੋਰ
ਜਿੱਥੇ ਕਿਤੇ ਵੀ ਬੇਇਨਸਾਫੀ ਹੋ ਰਹੀ ਹੋਵੇ

**ਪਾਸ਼ ਔਜਲਾ**

## ਮਾਲਿਕ ਨੂੰ ਅਰਦਾਸ

ਹੋਵੇ ਨਾ ਨਿਰਾਸ ਕੋਈ, ਹੋਵੇ ਨਾ ਉਦਾਸ ਇਥੇ।---੨
ਐਸਾ ਕੋਈ ਕੌਤਕ ਵਿਖਾ ਦੇ।
ਬਾਬਾ ਜੀ ਤੇਰੀ ਰਹਿਮਤ ਦਾ,ਸਾਰੀ ਦੁਨੀਆਂ ਤੇ ਮੀਂਹ ਵਰਸਾ ਦੇ,,,,,ਆਪਦੀ ਤੂੰ ਰਹਿਮਤ,,,,
ਹੋਵੇ ਨਾ ਨਸੇੜੀ ਕੋਈ, ਹੋਵੇ ਨਾ ਸਰਾਬੀ ਇਥੇ।----੨
ਨਸਿਆਂ ਤੋਂ ਹੋਜੇ ਛੁਟਕਾਰਾ।
ਜੀ ਐਨੀ ਉੱਚੀ ਮੱਤ ਕਰ ਦਿਓ,ਬੰਦਾ ਬੰਦੇ ਦਾ ਬਣੇ ਨਾ ਹਤਿਆਰਾ,,,,,ਜੀ ਐਨੀ ਉੱਚੀ,,,
ਧਰਮਾਂ ਦਾ ਹੋਵੇ ਨਾ ਨਿਰਾਦਰ ਜਹਾਨ ਉੱਤੇ-੨ !
ਧਰਮ ਤਾਂ ਜੋੜਨਾ ਸਿਖਾਉਂਦੇ।
ਜੋ ਕਰਦੇ ਨੇ ਬੇਅਦਬੀ, ਮਹਾਂ ਮੂਰਖਾਂ ਦੀ ਗਿਣਤੀ ਚ ਆਉਂਦੇ,,,,ਜੋ ਕਰਦੇ ਨੇ,,,,,
ਸੁੱਧ ਨੀਤੀ ਸੁੱਧ ਹੋਜੇ ਭਾਵਨਾ ਬੰਦੇ ਦੀ ਇਥੇ-੨
ਜਿੰਦਗੀ ਚ ਖਿੜਨ ਬਹਾਰਾਂ।
ਜੇ ਇਹੋ ਜਿਹਾ ਸਬੱਬ ਬਣਜੇ,ਕਦੇ ਦਿਲਾਂ ਵਿੱਚ ਪੈਣ ਨਾ ਦਰਾਰਾਂ,,,,ਜੇ ਇਹੋ ਜਿਹਾ,,,
ਬੇ-ਸੁਕਰਾ ਨਾ ਹੋਵੇ ਕੋਈ ਇਨਸਾਨ ਇਥੇ-੨
ਤੇਰੀਆਂ ਹੀ ਹੋਣ ਵਡਿਆਈਆਂ।
ਜੀ ਦੁੱਖ ਤੇ ਕਲੇਸ ਮਿਟਜੇ, ਤੇਰੇ ਨਾਮ ਦੀਆਂ ਸੁਣ ਸਹਿਨਾਈਆਂ,,,,ਜੀ ਦੁੱਖ ਤੇ,,,,,
ਹਰ ਵੇਲੇ ਦੱਦਾਹੂਰ ਵਾਲਾ ਸਦਾ ਸੁੱਖ ਮੰਗੇ-੨
ਦੁੱਖ ਕਦੇ ਨਾ ਕਿਸੇ ਦੇ ਉੱਤੇ ਆਵੇ।
ਤੂੰ ਅੰਗ ਸੰਗ ਰਹੀਂ ਮਾਲਿਕਾ, ਤੇਰੇ ਚਰਨਾਂ ਚ ਓੜ ਨਿਭ ਜਾਵੇ,,,,,ਜੀ ਅੰਗ ਸੰਗ ਰਹੀਂ,,,,

**ਜਸਵੀਰ ਸਰਮਾਂ ਦੱਦਾਹੂਰ**
**ਸ੍ਰੀ ਮੁਕਤਸਰ ਸਾਹਿਬ**
**95691-49556**

## ਨਿੱਕੀ ਜਿਹੀ ਕੁੜੀ

ਕਿਉਂ ਦਿਲ ਦੇ ਵਿੱਚ ਰੀਝਾਂ ਲੈ ਕੇ ਬੈਠ ਗਈ ਨਿੱਕੀ ਜਿਹੀ ਕੁੜੀ ,
ਜਦੋਂ ਜੀ ਕੀਤਾ ਮਸੀਨਾਂ ਨਾਲ ਕਤਲ ਕਰ ਦਿੱਤਾ ,
ਕਿਉਂ ਇੱਕ ਖਿਡੌਣਾ ਬਣ ਕੇ ਰਹਿ ਗਈ ਏ ਨਿੱਕੀ ਜਿਹੀ ਕੁੜੀ।
ਮਨ ਹੀ ਮਨ ਸੋਚਦੀ ਸੀ ਅੰਬਰ ਸਰ ਕਰ ਲਵਾਂਗੀ ,
ਸਾਰਿਆਂ ਦੇ ਦਿਲਾਂ ਵਿੱਚ ਵੀ ਘਰ ਕਰ ਲਵਾਂਗੀ ,
ਕਿਉਂ ਉੱਡਣ ਤੋਂ ਪਹਿਲਾ ਘਬਰਾ ਗਈ ਏ ਨਿੱਕੀ ਜਿਹੀ ਕੁੜੀ ।
ਮਿੰਨਤਾਂ ਕਰੇ ਬਾਬਲ ਦੀਆਂ ਮੈਂ ਪੁੱਤਾਂ ਵਾਂਗ ਕਮਾਵਾਂਗੀ ,
ਤੇਰੀ ਧੀ ਬਣ ਕੇ ਮੋਢੇ ਨਾਲ ਮੋਢਾ ਲਾਵਾਂਗੀ ,
ਫਿਰ ਵੀ ਕਿਉਂ ਪੁੱਤਾਂ ਨਾਲੋਂ ਪਿੱਛੇ ਰਹਿ ਗਈ ਏ ਨਿੱਕੀ ਜਿਹੀ ਕੁੜੀ ।
ਬੱਚੀਆਂ ਦੇ ਹੱਥ ਕਿਤਾਬਾਂ ਤੋਂ ਸੱਖਣੇ ਕਰ ਦਿੱਤੇ ਇਸ ਸਮਾਜ ਨੇ ,
ਨਿੱਕੀ ਜਿਹੀ ਜਿੰਦ ਨੂੰ ਸੂਲੀ ਉੱਤੇ ਟੰਗਿਆ ਦਾਜ ਨੇ ,
ਗਗਨ ਕਿਉਂ ਲੋਭੀਆਂ ਦਾ ਸ਼ਿਕਾਰ ਹੋ ਰਹੀ ਗਈ ਏ ਨਿੱਕੀ ਜਿਹੀ ਕੁੜੀ ।

**ਗਗਨਦੀਪ ਧਾਲੀਵਾਲ ।**

## ਮੁੜਨਾ ਨਹੀਂ ਖਾਲ਼ੀ ਹੱਥ ਦਿੱਲੀਏ

ਮੁੱੜਣਾ ਨਹੀ ਖਾਲੀ ਹੱਥ ਚੁੱਕੇ ਜੋ
ਕਰ ਲੈ ਵਸੀਲਾ ਮਸਲੇ ਦੇ ਹੱਲ ਦਾ , ਦਿੱਲੀਏ ਹਿਸਾਬ ਦੇਣਾ ਪੈਣਾ ਏ
ਚੁੱਕੀ ਜੋ ਅਵਾਜ ਸਾਡੀ ਗੱਲ ਗੱਲ ਦਾ ।
ਮੁੱਢ ਤੋਂ ਰਹੇ ਨੇ ਜਿਤਾਂ ਜਿੱਤਦੇ
ਜਿੱਦੀ ਨੇ ਪੰਜਾਬ ਦੇ ਕਿਸਾਨ ਗੱਭਰੂ,
ਕੱਤੀ ਦੇ ਕਵੰਜਾ ਪਾ ਕੇ ਮੋੜਦੇ
ਬਾਡਰਾਂ ਤੇ ਡਟੇ ਨੇ ਜਵਾਨ ਗੱਭਰੂ ।
ਚੁੱਕਣ ਨਾਂ ਦੇਣ ਅੱਖਾਂ ਬੁਰੀਆਂ
ਰੱਖਦੇ ਖਿਆਲ ਇਹ ਤਾਂ ਪਲ ਪਲ ਦਾ,
ਦਿੱਲੀਏ ਹਿਸਾਬ ਦੇਣਾ ਪੈਣਾ ਏ
ਚੁੱਕੀ ਏ ਆਵਾਜ ਸਾਡੀ ਗੱਲ ਗੱਲ ਦਾ।
ਪਤਾ ਇਤਿਹਾਸ ਤੈਨੂੰ ਸਾਰੇ ਦਾ
ਫਿਰ ਕਿਉ ਤੋਂ ਮਨ ਬੁੱਧੀ ਹੋ ਗਈ,
ਸਵਾ ਲੱਖ ਨਾਲ ਇਕ ਲੱੜਦਾ
ਕਿਹੜਿਆਂ ਰਾਹਵਾਂ ਤੇ ਤੂੰ ਖਲੋ ਗਈ।
ਪਤਾ ਨਹੀ ਕੀ ਹੁੰਦਾ ਤੇਰੀ ਮੱਤ ਨੂੰ
ਰੱਖੀਏ ਖਿਆਲ ਅਸੀ ਪਲ ਪਲ ਦਾ ,
ਦਿੱਲੀਏ ਹਿਸਾਬ ਦੇਣਾ ਪੈਣਾ ਏ
ਚੁੱਕੀ ਜੋ ਅਵਾਜ ਸਾਡੀ ਗੱਲ ਗੱਲ ਦਾ ।
ਹੱਕ ਲਈ ਘੇਰਾ ਤੈਨੂੰ ਪਾ ਲਿਆ
ਵੈਸੇ ਤਾਂ ਨਹੀ ਸੀ ਸਾਨੂੰ ਲੋੜ ਕੋਈ,
ਘੱਤ ਕੇ ਵਹੀਰਾਂ ਸਾਰੇ ਆ ਗਏ
ਪਿਛੇ ਵੀ ਨਾਂ ਸਾਨੂੰ ਹਾਲੇ ਥੋੜ ਕੋਈ।
ਪੁੱਤ ਹਾਂ ਕਿਸਾਨ ਦਾ ਤਾਂ ਲਿਖਿਆ
ਜੋ ਉਮਰਾਂ ਤੋਂ ਰਿਹਾ ਮਾਰਾਂ ਝੱਲਦਾ ,
ਦਿੱਲੀਏ ਹਿਸਾਬ ਦੇਣਾਂ ਪੈਣਾ ਏ
ਚੁੱਕੀ ਜੋ ਆਵਾਜ ਸਾਡੀ ਗੱਲ ਗੱਲ ਦਾ ।

**- ਲੇਖਕ : ਬੱਬਲਾ ਬੇਗੋਵਾਲ ਫ਼ੋਨ 99154-28009**

## ਵੋਟਾਂ ਦੇ ਦਿਨ ਨੇੜੇ

ਠੁੱਕ ਏਰੀਏ ਚ ਪੂਰੀ ਕੋਠੀ ਵਿੱਚ ਖੇਤ ਦੇ
ਕਣਕ ਦੋ ਰੁਪੈ ਵਾਲੀ ਡੀਪੂ ਚੋਂ ਮਿਲੇ,
ਮਤਾ ਪਾਇਆ ਕਿ ਲੀਡਰ ਨਹੀਂ ਪਿੰਡ ਚ ਵੜਨ ਦੇਣਾਂ,
ਬੱਸਾਂ ਰੈਲੀਆਂ ਚ ਪਿੰਡੋਂ ਲੈ ਗਏ ਭਰਕੇ,
ਥੋੜੀ ਚੁੱਕ ਦੇਵਾਂਗੇ ਗਰੀਬੀ ਨਾ ਫਿਕਰ ਕਰੋ,,
ਵੋਟਾਂ ਦੇ ਦਿਨ ਨੇੜੇ ਆ ਗਏ,,
ਘਰ ਘਰ ਨੌਕਰੀ ਦਾ ਵਾਅਦਾ ਪੂਰਾ ਕਰਿਆ,,
ਕੁੱਟੀਆਂ ਜਵਾਨ ਧੀਆਂ ਗੁੱਤੋਂ ਫੜਕੇ,
ਹੋਜੂ ਮੁਲਕ ਦਾ ਵਿਕਾਸ ਸਾਰੇ ਪਾਸੇ ਲੱਡੂ ਵੰਡ ਤੇ,,
ਪਜਾਮੀ ਦੀ ਥਾਂ ਪਾ ਕੇ ਕੋਈ ਸਲਵਾਰ ਆ ਗਿਆ,,
ਸੁਣਿਆ ਫਿਰੇ ਖੂਨ ਦਾਨ ਦੇ ਕੈਂਪ ਲਾਉਂਦਾ,,
ਮਜਦੂਰ ,ਗਰੀਬ ਕਿਰਤੀਆਂ ਦਾ ਖੂਨ ਚੂਸ ਕੇ,,
ਅਖੇ ਨਸ਼ੇ ਦੇ ਵਿਰੋਧ ਚ ਲਾਈਵ ਹੋਣਾ,,
ਚਾਹ ਨਾਲ ਖਵਾ ਦੇ ਨਾਗਣੀਂ,,
ਕਿਸੇ ਵਿਧਵਾ ਦੀ ਪੈਨਸਨ ਲਗਵਾ ਕੇ,
ਚਾਹ ਪਾਣੀ ਪੰਚ ਲੈ ਗਿਆ,,
ਬੇਬੇ ਮਰਗੀ ਪਾਣੀ ਦੀ ਘੁੱਟ ਮੰਗਦੀ,,
ਛਬੀਲ ਤੇ ਧੱਕੇ ਨਾਲ ਪਿਲਾਉਂਦਾ ਰੋਕ ਕੇ,
ਫਿਰ ਰੋਵੇਂਗਾ ਪੁੱਤਾ ਧਾਹਾਂ ਮਾਰ ਮਾਰ ਕੇ,,
ਜਦੋਂ ਸਾਡੀ ਥਾਂ ਲੈ ਗਿਆ ਜਿੰਦਰਾ,,
ਜਿਹੜਾ ਬਾਬਾ ਪੁੱਤ ਥੋਡੇ ਨੂੰ ਨੌਕਰੀ ਦਵਾਉਂਦਾ,,
ਉਹਦੇ ਲਾਡਲੇ ਨੂੰ ਨਾ ਕੋਈ ਦਿਹਾੜੀ ਤੇ
ਲਿਜਾਵੇ,,
ਧੀ ਸੋਹਰਿਆਂ ਨੇ ਛੱਡੀ ਮੁੰਡਾ ਨਾ ਹੋਇਆ,,
ਜੀਹਦੇ ਦਰ ਪੁੱਤ ਲਈ ਭਰੋਂ ਚੌਂਕੀਆਂ,
ਮੱਖਣ ਸ਼ੇਰੋਂ ਉਹ ਮਹਿਫਲਾਂ ਚ ਫੁਕਰੀਆਂ ਮਾਰਦੇ,,
ਜੀਹਦਾ ਮਾਂ ਦੀ ਦਿਹਾੜੀ ਨਾਲ ਘਰ ਚੱਲਦਾ

**ਮੱਖਣ ਸ਼ੇਰੋਂ ਵਾਲਾ**
**ਸੰਪਰਕ 98787-98726**

## ਮਿਹਨਤਾਂ ਵਾਲ਼ੇ

ਪੂਰੇ ਨਾ ਹੋਣ ਕਦੇ ਵੀ ਟੀਚੇ ਜੋ ਮਿੱਥੇ ਹੋਏ ,
ਮੱਥਿਆਂ 'ਤੇ ਵਿਓ ਮਾਤਾ ਨੇ ਲੇਖ ਜਿਹੜੇ ਲਿਖੇ ਹੋਏ,
ਬੇਹਿੰਮਤੇ ਲੋਕ ਆਖਦੇ ਜਾਂਦੇ ਨਹੀਂਓਂ ਟਾਲ਼ੇ ਬਈ।
ਪਰ ਲੇਖਾਂ ਨੂੰ ਬਦਲ ਦਿੰਦੇ ਨੇ ਮਿਹਨਤਾਂ ਵਾਲ਼ੇ ਬਈ।
ਅੰਬਰੀਂ ਉਹ ਲਾਉਂਣ ਉਡਾਰੀ
ਹਿੰਮਤਾਂ ਵਿੱਚ ਜਾਨ ਜਿਹਨਾਂ ਦੇ ।
ਧਰਤੀ ਵੀ ਧੱਕ ਦਿੰਦੇ ਨੇ ,
ਡੌਲ਼ਿਆਂ ਵਿੱਚ ਤਾਣ ਜਿਹਨਾਂ ਦੇ ।
ਇੱਕ ਕੀਤੇ ਦਿਨ ਤੇ ਰਾਤ ਕਦੇ ,
ਜਾਂਦੇ ਨਹੀਂਓਂ ਆਹਲ਼ੇ ਬਈ ।
ਲਿਖਤਾਂ ਨੂੰ ਮੇਟ ਦਿੰਦੇ ਨੇ ਮਿਹਨਤਾਂ ਵਾਲ਼ੇ ਬਈ।
ਹੱਥੀਂ ਜਿਹੜੇ ਕਰਨ ਕਮਾਈਆਂ ,
ਲੋਹੇ ਵਰਗੇ ਬਣ ਜਾਂਦੇ ।
ਪਰਬਤ ਨਾਲ਼ ਟੱਕਰ ਲੈਣ ਲਈ ,
ਚੌੜੇ ਸੀਨੇ ਤਣ ਜਾਂਦੇ ।
ਜੁਗਨੂੰਆਂ ਤੋਂ ਡਰ ਡਰ ਭਜਦੇ ,
ਨ੍ਹੇ ਜੋ ਕਾਲ਼ੇ ਬਈ ।
ਲੇਖਾਂ ਨੂੰ ਟਾਲ਼ ਦਿੰਦੇ ਨੇ ਮਿਹਨਤਾਂ ਵਾਲ਼ੇ ਬਈ।
ਸੂਰਜ ਦੀਆਂ ਕਿਰਨਾਂ ਵਰਗੇ ,
ਹੁੰਦੇ ਭਾਵੇਂ ਟਾਵੇਂ ਟਾਵੇਂ ।
ਤਪਦੇ ਵਿੱਚ ਸਿਖ਼ਰ ਦੁਪਹਿਰਾਂ ,
ਤੁਰਦੇ ਨਾ ਛਾਵੇਂ ਛਾਵੇਂ ।
ਆਖ਼ਿਰ ਨੂੰ ਗੱਡ ਦਿੰਦੇ ਨੇ ,
ਕੱਲਰਾਂ ਵਿੱਚ ਫਾਲ਼ੇ ਬਈ ।
ਲਿਖਤਾਂ ਨੂੰ ਧੋ ਦਿੰਦੇ ਨੇ ਮਿਹਨਤਾਂ ਵਾਲ਼ੇ ਬਈ।
ਤੁਰ ਪੈਂਦੇ ਜਦੋਂ ਕਾਫਲੇ ,
ਆਪੇ ਬਣ ਜਾਂਦੈ ਹੀਲਾ ।
ਉਹਨਾਂ ਦੀ ਗਰਦਨ 'ਚੋਂ ਵੀ,
ਕੱਢ ਦਿੰਦੇ ਫਸਿਆ ਕੀਲਾ ।
ਜ਼ਾਲਮ ਜੋ ਜੁਲਮ ਕਮਾਉਂਦੇ ,
ਥਿਆਉਂਦੇ ਨਾ ਭਾਲ਼ੇ ਬਈ ।
ਲਿਖਤਾਂ ਨੂੰ ਧੋ ਦੇਂਦੇ ਨੇ ਮਿਹਨਤਾਂ ਵਾਲ਼ੇ ਬਈ ।
ਵਸਦੇ ਜੋ ਪਿੰਡ ਰੰਚਣਾਂ ,
ਸ਼ਰਮੇਂ ਜਿਹੇ ਚੇਤਨ ਬੰਦੇ ।
ਰਲ਼ ਮਿਲ ਕੇ ਇੱਕ ਦੂਜੇ ਦੇ ,
ਕੰਧਿਆਂ ਨਾਲ਼ ਲਾਉਂਦੇ ਕੰਧੇ ।
ਰਾਜਿਆਂ ਦੇ ਰਹਿਣ ਫੋਲਦੇ ,
ਘਾਲ਼ੇ ਤੇ ਮਾਲ਼ੇ ਬਈ ।
ਲੇਖਾਂ ਨੂੰ ਬਦਲ ਵਿਖਾਉਂਦੇ ਮਿਹਨਤਾਂ ਵਾਲ਼ੇ ਬਈ।

**ਮੂਲ ਚੰਦ ਸ਼ਰਮਾ 9478408898**

# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 331 | Website: www.preetnama.com Email preetnamausa@gmail.com | 05 DEC TO 11 DEC, 2025




# Preetnama

Khara Sach

ਪ੍ਰੀਤਨਾਮਾ
ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 331 | Website: www.preetnama.com Email preetnamausa@gmail.com | 05 DEC TO 11 DEC, 2025



No body have time to watch TV Advertisement
No body have time to read Physical newspapers

## It's social time.

Online News, Advertisement, Promotion Anytime anywhere.

## Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




No ned to go anywhere, Just leave message on
WhatsApp or email us. We will call you back.

## Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com